ਠਾਅ ਨੂੰ ਬਰਾਬਰ ਦੀ ਲੈਅ ਵੀ ਆਖਦੇ ਹਨ। ਜਦੋਂ ਇੱਕ ਮਾਤਰਾ ਕਾਲ ਵਿੱਚ ਇੱਕ ਬੋਝ ਬੋਲਿਆ ਜਾਵਜਾਇਆ ਜਾਵੇ ਤਾਂ ਉਹਠਾਅ ਲੈਅਕਾਰੀ ਕਹਿੰਦੇ ਹਨ। ਤਾਲ ਵਿੱਚ ਲਿਖਣ ਲਈ ਇੱਕ ਮਾਤਰਾ ਤੇ ਇਕ ਬੋਲ ਤਾਲ ਦਾ ਲਿਖਿਆਂ ਜਾਂਦਾ ਹੈ। ਜਿਵੇਂ

| | | | | | | | | |
|---|---|---|---|---|---|---|---|---|
| (1) | 1 | – | – | – | 2 | – | – | – |
| | ਗ | S | S | S | ਧ | S | S | S |

| | | | | | | | | |
|---|---|---|---|---|---|---|---|---|
| (2) | 1 | 2 | 3 | 4 | 5 | 6 | 7 | 8 |
| ਠਾਅ ਲੈਅਕਾਰੀ | ਧਾ | ਗ | ਨਾ | ਤੀ | ਨਾ | ਕੇ | ਧਿੰ | ਨਾ |

## ਦੁਗਣ

ਜਦੋਂ ਇਕ ਮਾਤ੍ਰਾ ਕਾਲ ਵਿੱਚ ਦੋ ਮਾਤ੍ਰਾਵਾਂ ਬੋਲੀਆਂ ਜਾਣ ਉਸ ਨੂੰ ਦੁਗਣ ਕਹਿੰਦੇ ਹਨ ਜਾਂ ਜਦੋਂ ਠੈਅ ਦੀ ਲੈਅ ਦੀ ਇਕ ਮਾਤਰਾ ਤੇ ਦੋ ਬੋਲਾ ਨੂੰ ਬੋਲਿਆ ਜਾ ਵਜਾਇਆ ਜਾਵੇ ਉਹ ਦੁਗਣ ਅਖਵਾਉਂਦੀ ਹੈ। ਤਾਲ ਵਿੱਚ ਦੁਗਣ ਨੂੰ ਲਿਖਣ ਲਈ ਇਕ ਮਾਤਰਾ ਤੇ ਤਾਲ ਦੇ ਦੋ ਬੋਲਾ ਨੂੰ ਲਿਖਿਆ ਜਾਂਦਾਹੈ ਜਿਵੇਂ –

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਠਾਅ ਲੈਅਕਾਰੀ | ਧਾ | ਗ | ਨਾ | ਤੀ | ਨਾ | ਕੇ | ਧਿੰ | ਨਾਂ |
| ਦੁਗਣ ਲੈਅਕਾਰੀ | ਧਾਗੇ | ਮਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |

## ਵਕਰ ਸਵਰ

ਉਹ ਸਵਰ ਜਿਸ ਨੂੰ ਰਾਗ ਵਿੱਚ ਸਿੱਧੇ ਕ੍ਰਮ ਨੂੰ ਭੰਗ ਕਰਕੇ ਉਸਦਾ ਪ੍ਰਯੋਗ ਟੇਢਾ ਕੀਤਾ ਜਾਵੇ ਉਸ ਨੂੰ ਵਕਰ ਸਵਰ ਕਹਿੰਦੇ ਹਨ ਵਕਰ ਦਾ ਅਰਥ ਹੈ ਟੇਢਾ । ਜਦੋਂ ਅਸੀਂ ਇਕ ਸਵਰ ਤੱਕ ਜਾਕੇ ਪਿੱਤੇ ਮੁੜ ਜਾਂਦੇ ਹਾਂ ਜਿਸ ਸਵਰ ਤੋਂ ਅਸੀਂ ਪਿਛੇ ਮੁੜਦੇ ਹਾਂ ਉਸ ਸਵਰ ਨੂੰ ਛੱਡ ਦਿੱਤਾ ਜਾਂਦਾ ਹੈ ਉਸ ਨੂੰ ਵਕਰ ਸਵਰ ਕਹਿੰਦੇ ਹਨ ਜਿਵੇ ਗ ਮ ਗ ਪ ਇਸ ਕ੍ਰਮ ਵਿੱਚ ਮ ਸਵਰ ਵਕਰ ਹੈ ਕਿਉਂਕਿ ਅਸੀ ਮ ਸਵਰ ਤੇ ਜਾਕੇ ਫਿਰ ਪਿਛੇ ਗ ਸਵਰ ਤੇ ਮੁੜ ਆਉਂਦੇ ਹਾਂ ਤੇ ਅੱਗੇ ਚਲਦੇ ਹੀ ਉਸ ਨੂੰ ਛੱਡ ਦਿੰਦੇ ਹਾਂ ਤੇ ਫਿਰ ਗ ਸਵਰ ਤੇ ਆ ਕੇ ਜਾਂਦੇ ਹਾਂ ਕਿਉਂਕਿ ਇਥੇ ਅਸੀ ਗਮਗ ਸੁਵਰਾਂ ਲੂੰ ਵਕਰ ਪ੍ਰਯੋਗ ਕੀਤਾ ਹੈ।

## ਝਾਲਾ

ਬਾਜ ਅਤੇ ਚਿਕਾਰੀ ਦੀ ਤਾਰ ਤੇ ਸਮਾਨ ਲੈਅ ਵਿੱਚ ਧਵਨੀ ਨੂੰ ਬਿਨਾ ਖ ਡਿਤ ਕਿਤੀਆਂ ਇੱਕ ਕ੍ਰਮ ਵਿੱਚ ਸਿਤਾਰ ਦੀ ਬਾਜ ਦੀ ਤਾਰ ਅਤੇ ਚਿਕਾਰੀ ਦੀ

ਤਾਰ ਤੇ ਮਿ ਰਾਬ ਨਾਲ ਪ੍ਰਹਾਰ ਕੀਤਾ ਜਾਂਦਾ ਹੈ ਉਸ ਨੂੰ ਝਾਲਾਂ ਕਹਿੰਦੇ ਹਨ। ਲਾਜ ਦੀ ਤਾਰ ਤੇ ਦਾ ਅਤੇ ਚਿਕਾਰੀ ਦੀ ਤਾਰ ਤੇ ਰਾ, ਰਾ, ਗ ਦਾ ਬੋਲ ਵਜਾਦੇ ਹੋਏ ਖੱਬੇ ਹੱਕ ਨਾਲ ਪਰਦਿਆਂ ਤੇ ਮੀਡੰ, ਕ੍ਰਿਤਨ ਅਤੇ ਕੰਪਨ ਦੀ ਕ੍ਰਿਆ ਕਰਦੇ ਹਾਂ ਤਾਂ ਝਾਲੇਂ ਦੀ ਸੁੰਦਰਤਾ ਵੱਧ ਜਾਂਦੀ ਹੈ। ਦਾ, ਰਾ ਰਾ ਰਾ ਬੋਲਾਂ ਨੂੰ ਉਲਟ-ਪਲਟ ਕਰਕੇ ਭਿੰਨ-2 ਤਰ੍ਹਾਂ ਦੇ ਝਾਲੇ ਬਦਾ ਕੇ ਬਜਾਏ ਜਾਂਦੇ ਹਨ।

ਝਾਲਾਂ ਦੋ ਤਰ੍ਹਾਂ ਦਾ ਹੁੰਦਾ ਹੈ:-

1) ਸਿੱਧਾ ਝਾਲਾਂ

2) ਉਲਟਾ ਝਾਲਾਂ

1) **ਸਿੱਧਾ ਝਾਲਾਂ :** ਬਾਜ ਦੀ ਤਾਰ ਤੇ ਜੇਕਰ ਦਾ ਦਾ ਬੋਲ ਸਿੱਧਾ ਵੱਜੇ ਤਾਂ ਸਿੱਧਾ ਝਾਲਾ ਕਹਿੰਦੇ ਹਨ। ਇਸ ਨੂੰ ਸੁਲਟਾ ਝਾਲਾਂ ਵੀ ਕਹਿੰਦੇ ਹਨ। ਇਸ ਦੇ ਬੋਲ ਇਸ ਤਰ੍ਹਾਂ ਹਨ ਦਾ, ਰਾ ਰਾ ਰਾ ।

2) **ਉਲਟਾਂ ਝਾਲਾ :** ਬਾਜ ਦੀ ਤਾਰ ਅਤੇ ਚਿਕਾਰੀ ਦੀ ਤਾਰ ਤੇ ਅੰਦਰ ਤੋਂ ਬਾਹਰ ਵੱਲ ਪ੍ਰਹਾਰ ਕਰਨ ਨੂੰ ਉਲਟਾ ਝਾਲਾਂ ਕਹਿੰਦੇ ਹਨ। ਇਸ ਦੇ ਬੋਲ ਦਾ, ਰਾ ਰਾ।

## ਸਥਾਈ

ਇਹ ਗੀਤ ਜਾ ਗਤ ਦਾ ਪਹਿਲਾਂ ਭਾਗ ਹੁੰਦਾ ਹੈ ਗੀਤ ਜਾ ਰਾਤ ਦੇ ਪਹਿਲੇ ਪਦ ਨੂੰ ਜਾਂ ਭਾਗ ਨੂੰ ਸਥਾਈ ਕਹਿੰਦੇ ਹਨ। ਗਾਇਨ/ਵਾਦਨ ਵਿੱਚ ਸਥਾਈ ਦਾ ਪ੍ਰਯੋਗ ਸਭ ਤੋਂ ਜਿਆਦਾ ਹੁੰਦਾ ਹੈ। ਰਾਗ ਦਾ ਅਲਾਪ/ਤਾਨ ਦੇ ਦੁਆਰਾ ਸਵਰ ਵਿਸਥਾਰ ਕਰਦਾ ਹੋਇਆ ਵਾਦਕ/ਗਾਇਕ ਬਾਰ-ਬਾਰ ਸਕਾਈ ਦੇ ਮੁਖੜੇ ਨੂੰ ਫੜ ਕੇ ਤਾਲ ਦੇ ਚੱਕਰ ਵਿੰਚ ਹੁੰਚ ਜਾਂਦਾ। ਸਥਾਈ ਵਿੱਚ ਮ ਦਰ, ਮੱਧ, ਸਪਤਕ ਦੇ ਸੁਰਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਇਕ ਜਾ ਦੋ, ਤਿੰਨ ਆਵਰਤਨ ਹੋ ਸਕਦੇ ਹਨ। ਰਾਗ ਦਾ ਅੰਤਰਾ ਵਜਾਕੇ/ਗਾਕੇ ਮੁੜ ਸਥਾਈ ਜਰੂਰ ਗਾਈ ਜਾ ਵਜਾਈ ਜਾਂਦੀ ਹੈ।

# ਅੰਤਰਾ

ਗੀਤ ਦਾ ਰਾਤ ਦੇ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਦਾ ਵਿ ਤਾਰ ਖੇਤਰ ਮੱਧ ਸਪਤਕ ਤੋਂ ਹੁੰਦਾ ਤਾਂ ਸਪਤਕ ਦੇ ਗੰਧਾਰ, ਮਧਯਮ, ਸੁਰ ਤੱਕ ਹੁੰਦਾ ਹੈ। ਅੰਤਰਾ ਹਮੇ ਾ ਮੱਧ ਸਪਤਕ ਦੇ ਸੁਰਾ ਅਰਥਾਤ ਗੰਧਾਰ (ਗ) ਮਧਯਮ (ਮ) ਪੰਚਮ (ਪ) ਸਵਰ ਤੋਂ _ਰੂ ਕੀਤਾ ਜਾਂਦਾ ਹੈ। ਅੰਤਰੇ ਵੀ ਦੋ ਜਾ ਇਸ ਤੋਂ ਵੱਘ ਆਵਰਤਨਾ ਦੇ ਹੁੰਦੇ ਹਨ।

ਪਾਠ-2

# ਥਾਟ, ਥਾਟ ਦੇ ਨਿਯਮ, ਭਾਤਖ ਡੇ ਜੀ ਦੇ ਦਸ ਥਾਟ

**ਥਾਟ :**

ਭਾਰਤੀ ਸੰਗੀਤ ਵੱਖ-ਵੱਖ ਸਿਧਾਤਾਂ ਦੇ ਹੇਠ ਸਮੇਂ ਸਮੇਂ ਸਿਰ ਵਰਗੀਕਰਨ ਹੁੰਦਾ ਰਿਹਾ ਜਿਵੇਂ- ਗ੍ਰਾਮ, ਮੁਰਛਨਾ, ਜਾਤੀ, ਰਾਗ ਰਾਗਨੀ ਵਰਗੀ ਕਰਨ ਤੇ ਥਾਟ ਰਾਗ ਵਰਗੀ ਕਰਨੀ। ਸੱਤ ਸੁਰਾਂ ਦਾ ਉਹ ਸਮੂਹ ਜਿਸ ਵਿੱਚ ਰਾਗ ਉਤਪਨ ਕਰਨ ਦੀ ਸਕਤੀ ਹੋਵੇ ਉਸ ਨੂੰ ਸੰਗੀਤ ਦੀ ਭਾ ਾ ਵਿੱਚ ਥਾਟ ਕਹਿੰਦੇ ਹਨ। ਥਾਟ ਨੂੰ ਕਈ ਗੁਣੀਜਨ ਮੇਲ ਵੀ ਕਹਿੰਦੇ ਹਨ। ਥਾਟ ਰਾਗ ਦਾ ਸਿਧਾਂਤ ਸਭ ਤੋਂ ਪਹਿਲਾ ਪੰ: ਵਿਅਕਟਮੁੱਖੀ ਜੀ ਨੇ ਕੀਤਾ ਜਿਸ ਵਿੱਚ ਉਹਨਾ ਨੇ ਗਣਿਤ ਦੇ ਅਧਾਰ ਤੇ ਇਹ ਸਿੱਧ ਕੀਤਾ ਕਿ ਸੰਗੀਤ ਦੇ 12 ਸੁਰਾਂ (ਕ੍ਰੋਧ , ਕੋਮਲ, ਤੀਵਰ) ਤੋਂ 72 ਥਾਟ ਉਤਪੰਨ ਹੋ ਸਕਦੇ ਹਨ। ਆਧੁਨਿਕ ਕਾਲ ਵਿੱਚ ਪੰ: ਭਾਤਖੰਡੇ ਜੀ ਨੂੰ ਰਾਗ ਰਾਗਨੀ ਪੱਧਤੀ ਨੂੰ ਨਕਾਰਦੇ ਹੋਏ ਉਹਨਾਂ ਨੇ ਇਹਨਾ 72 ਥਾਟਾਂ ਵਿੱਚੋਂ 10 ਥਾਟ ਲੈਕੇ ਉੱਤਰੀ ਸੰਗੀਤ ਪੱਦਤੀ ਦੇ ਸਾਰੇ ਰਾਗ ਦਾ ਵਰਗੀਕਰਣ ਇਹਨਾਂ ਥਾਟਾਂ ਦੇ ਸਿਧਾਤ ਤੇ ਕੀਤਾ। ਭਾਤਖੰਡੇ ਜੀ ਨੂੰ ਇਹਨਾਂ ਥਾਟਾਂ ਦੇ ਅੰਤਰਗਤ ਆਕੇ ਰਾਗਾਂ ਦੇ ਨਾਂ ਤੇ ਹੀ ਇਹਨਾਂ ਥਾਟਾਂ ਦਾ ਨਾ ਰੱਖਿਆ। ਇਹਨਾਂ ਥਾਟਾਂ ਵਿੱਚ ਸਵਰ ਕ੍ਰਮਵਾਰ ਪ੍ਰਯੋਗ ਕੀਤੇ ਗਏ। ਕਈ ਥਾਟ ਸਵਰ ਸਮੂਹ ਹੀ ਪਹਿਚਾਣ ਹਿੱਤ ਹੀ ਬਣਾਏ ਗਏ ਹਨ ਤੇ ਕਈ ਰਾਗ ਇਯ ਸਿਧਾਂਤ ਤੇ ਖਰੇ ਤੇ ਪੂਰੇ ਵੀ ਉਤਰੇ ਹਨ ਕਿਉਂਕਿ ਜੋ ਸਵਰ ਉਸ ਰਾਗ ਵਿੰਚ ਵਰਤੇ ਗਏ ਸਵਰਾਂ ਦੇ ਆਧਾਰ ਤੇ ਉਹ ਇਹਨਾਂ 10 ਥਾਟਾ ਵਿਚੋਂ ਕਿਸੀ ਵੀ ਥਾਟ ਦੇ ਅੰਤਰਗਤ ਨਹੀਂ ਆਏ ! ਕਈ ਸੰਗੀਤ ਾ ਤਰੀਆਂ ਨੇ ਉਹਨਾਂ ਦੇ ਸੁਾ ਦੇ ਲਗਾਣ ਜਾ ਵਾਦੀ-ਸੰਵਾਦੀ ਦੇ ਆਧਾਰ ਤੇ ਇਹਨਾਂ ਥਾਟਾ ਦੇ ਅੰਤਰਗਤ ਰਾਗਾ ਨੂੰ ਰੱਖਣਾ ਹੀ ਉਚਿੱਤ ਸਮਝਿਆ।

**ਥਾਟ ਦੇ ਨਿਯਮ**

ਥਾਟ ਦੇ ਹੇਠ ਲਿਖੇ ਨਿਯਮ ਹਨ:-

1) ਥਾਟ ਵਿੱਚ ਸੱਤ ਸਵਰਾ ਦਾ ਹੋਣਾ ਜਰੂਰੀ ਹੈ

2) ਥਾਟ ਵਿੱਚ ਸਵਰ ਕ੍ਰਮ ਅਨੁਸਾਰ ਹੋਦੇ ਚਾਹੀਦੇ ਹਨਜਿਵੇਂ ਸਾ ਤੋਂ ਬਾਅਦ ਰੇ ਤੇ ਰੇ ਤੋਂ ਬਾਅਦ ਗ ਸਵਰ ਆਣਾ ਜਰੂਰੀ ਹੈ।

3) ਥਾਟ ਵਿੱਚ ਕੇਵਲਅਰੋਹ ਦਾ ਹੋਣਾ ਜਰੂਰੀ ਹੈ ਕਿਉਂਕਿ ਰਾਗ ਵਿੱਚ ਲਗਣ ਵਾਲੇ ਸੁਰਾ ਤੇ ਥਾਟ ਦੀ ਅਰੋਹੀ ਤੋਂ ਹੀ ਥਾਟ ਦਾ ਨਾਮ ਜਾਣਿਆ ਜਾ ਸਕਦਾਹੈ।

4) ਥਾਟ ਦੀ ਪਹਿਚਾਲ ਲਈ ਉਸ ਵਿਚੋਂ ਉਤਪੰਨ ਹੋਏ ਕਿਸੇ ਰਾਗ ਦਾ ਨਾ ਦਿੱਤਾ ਜਾਂਦਾ ਹੈ ਜਿਵੇਂ ਬਿਲਾਵਲ ਰਾਗ ਬਿਲਾਵਲ ਥਾਟ ਤੋਂ ਉੱਤਪਲ ਹੋਇਆ ਹੈ। ਇਯ ਲਈ ਉਸ ਥਾਟ ਦਾ ਨਾ ਬਿਲਾਵਲ ਥਾਟ ਰੱਖ ਦਿੱਤਾ ਗਿਆ।

5) ਥਾਟ ਗਾਣੇ-ਵਜਾਣੇ ਨਹੀਂ ਜਾਂਦੇ ਇਸ ਲਈ ਇਸ ਵਿੱਚ ਰੰਜਕਤਾ ਦਾ ਹੋਣਾ ਜਰੂਰੀ ਨਹੀ।

6) ਇਕ ਥਾਟ ਤੋਂ ਕਈ ਰਾਗ ਉਤਪੰਨ ਕੀਤੇ ਜਾ ਸਕਦੇ ਹਨ।

7) ਥਾਟ ਤੋਂ ਰਾਗ ਦੀ ਉੱਤਪਤੀ ਕੀਤੀ ਜਾਦੀ ਹੈ

8) ਥਾਟ ਵਿੱਚ ਸਵਰਾ ਦੇ ਰੂਪ ਕੋਮਲ ਅਤੇ ਤੀਬਰ ਕ੍ਰਮਵਾਰ ਆ ਸਕਦੇ ਹਨ।

**ਪ ਡਿਤ ਵਿ ਨੂੰ ਨਰਾਇਣ ਭਾਤਖ ਡੇ ਜੀ ਦੇ ਦੱਸ ਥਾਟ ਹੇਠ ਲਿਖੇ ਹਨ**

**1) ਬਿਲਾਵਲ ਥਾਟ** : ਇਸ ਥਾਟ ਵਿੱਚ ਸਾਰੇ ਸੁਰ_ਧ ਲੱਗਦੇ ਹ। ਜਿਵੇਂ ਸਾ ਰੇ ਗ ਮ ਪ ਧ ਨੀ। ਇਸ ਥਾਟ ਨੂੰ_ਧ ਥਾਟ ਮ ਨਿਆ ਗਿਆ ਹੈ। ਇਸ ਥਾਟ ਦੇ ਅੰਤਰਗਤ ਰਾਗ ਬਿਲਾਵਲ, ਬਿਹਾਰਾ ਦੇ ਕਾਰ ਆਉਂਦੇ ਹਨ। ਇਸ ਦੇ ਰਾਗ ਤੇ ਹੀ ਇਸ ਦੇ ਥਾਟ ਦਾ ਨਾ ਬਿਲਾਵਲ ਪਿਆ।

**2) ਕਲਿਆਣ:** ਇਸ ਥਾਟ ਵਿੱਚ ਮ (ਮਧਯਮ) ਸਵਰ ਤੀਬਰ ਲਗਦਾ ਹੈ ਭਾਵ ਧਮ ਅਤੇ ਪ ਦੇ ਵਿਚਕਾਰ ਉੱਚਾ ਸਵਰ ਤੀਵਰ ਮ ਹੈ। ਜਿਵੇ ਸਾ ਰੇ ਗ ਮ ਪ ਧ ਨੀ । ਇਸ ਥਾਟ ਵਿੱਚ ਮ ਸਵਰ ਤੀਵਰ ਤੇ ਬਾਕੀ ਸੁਰ_ਧ ਲਗਦੇ ਹਨ। ਇਸ ਥਾਟ ਦੇ ਮੁੱਖ ਰਾਗ ਹਨ। ਯਮਨ,_ਧ ਕਲਿਆਣ, ਭੁਪਾਲੀ।

**3) ਥਾਟ ਖਮਾਜ** : ਇਸ ਥਾਟ ਵਿੱਚ ਕੋਮਲ ਨੀ ਤੇ ਬਾਕੀ ਸਵਰ_ਧ ਲਗਦੇ ਹਨ ਜਿਵੇਂ ਸਾ ਰੇ ਗ ਮ ਪ ਧ ਨ਼ੀ ਇਸ ਥਾਟ ਦੇ ਪ੍ਰਸਿੱਧ ਰਾਗ ਹਨ ਖਮਾਜ, ਦੇ ,

ਤਿਲਕ ਕਮੋਦ ਜੈ ਜੈਵੰਤੀ।

4) **ਥਾਟ ਕਾਠੀ :** ਇਸ ਥਾਟ ਵਿੰਚ ਗ ਤੇ ਨੀ ਸਵਰ ਕੋਮਲ ਤੇ ਬਾਦੀ ਸੁਰ_ਧ ਲਗਦੇ ਹਨ ਜਿਵੇਂ ਸਾਰੇ ਗ ਮ ਪ ਧ ਨੀ। ਇਸ ਥਾਟ ਦੇ ਅੰਤਰਗਤ ਰਾਗ ਹਨ ਕਾਫੀ, ਭੀਮਪਲਰਸੀ, ਵਰਿੰਦਾਬਨੀ ਸਾਰੰਸ, ਬਾਗੰਸਤਰੀ

5) **ਥਾਟ ਭੈਰਵ :** ਇਸ ਥਾਟ ਵਿੱਚ ਰੇ, ਧ ਸਵਰ ਕੋਮਲ ਤੇ ਬਾਦੀ ਸੁਰ_ਧ ਲੱਗਦੇ ਹਨ ਜਿਵੇ ਸਾ ਰੇ ਗ ਮ ਪ ਧ ਨੀ। ਇਸ ਦੇ ਅੰਤਰਗਤ ਭੈਰਣ, ਰਾਮਕਲੀ ਹਨ। 6) **ਥਾਟ ਪੁਰਵੀ** : ਇਸ ਥਾਟ ਵਿੱਚ ਰੇ, ਧ ਸਵਰ ਕੋਮਲ ਮ ਸਵਰ ਤੀਵਰ ਲਗਦੇ ਹਨ ਜਿਵੇਂ ਸਾ ਰੇ ਗ ਮ ਪ ਧ ਨੀ।

7) **ਥਾਟ ਮਾਰਵਾ :** ਇਸ ਥਾਟ ਵਿੰਚ ਰੇ ਸੁਰ ਕੋਮਲ ਮ ਸਵਰ ਤੀਵਰ ਲਗਦਾ ਹੈ ਜਿਵੇ ਸਾ ਰੇ ਗ ਮ ਪ ਧ ਨੀ ਇਸ ਥਾਟ ਦੇ ਅੰਤਰਗਤ ਸੋਹਣੀ, ਮਾਰਵਾ ਰਾਗ ਆਉਣੇ ਹਨ।

8) **ਥਾਟ ਆਸਾਵਰੀ:** ਇਸ ਥਾਟ ਵਿੱਚ ਗ, ਧ, ਲੀ ਸਵਰ ਕੋਮਲ ਤੇ ਬਾਕੀ ਸੁਰ_ਧ ਲੱਗਦੇ ਹਨ। ਇਸ ਥਾਟ ਦੇ ਅੰਤਰਗਤ ਦਰਬਾਰੀ, ਆਡਾਨਾ, ਆਸਾਵਰੀ ਜੋਣਪੁਰੀ ਰਾਗ ਆਉਂਦੇ ਹਨ।

9) **ਥਾਟ ਭੈਰਵੀ** : ਇਸ ਥਾਟ ਵਿੱਚ ਰੇ, ਗ, ਧ, ਨੀ ਸੁਰ ਕੋਮਲ ਤੇ ਬਾਕੀ ਸੁਰ _ਧ ਲੱਗਦੇ ਹਨ। ਇਸ ਥਾਟ ਦੇ ਅੰਤਰਗਤ ਭੈਰਵੀ ਮਾਨਕੋਸ ਰਾਗ ਆਉਂਦੇ ਹਨ।

1●) **ਥਾਟ ਤੋੜੀ ਜਾ ਟੋਡੀ** : ਇਸ ਥਾਟ ਵਿੱਚ ਰੇ , ਗ, ਧ ਨੀ ਸਵਰ ਕੋਮਲ ਤੇ ਮ ਸਵਰ ਤੀਵਰ ਲਗਦਾ ਹੈ ਜਿਵੇ ਸਾ ਰੇ ਗ ਮੇ ਪ ਧ ਨੀ। ਇਸ ਥਾਟ ਦੇ ਅੰਤਰਗਤ ਤੋੜੀ, ਗੁਜਰੀ ਤੋੜੀ, ਮੁਲਤਾਨੀ ਰਾਗ ਆਉਂਦੇ ਹਨ।

ਪਾਠ-3

# ਤੋੜਾ- ਬਰਾਬਰ ਦਾ ਤੋੜਾ, ਦੁਗਨ ਦਾ ਤੋੜਾ

ਸੰਗੀਤ ਵਾਦਨ ਵਿੱਚ ਜਦੋਂ ਅਸੀ ਰਾਗ ਦੇ ਵਿ ਸਵਰ ਸਮੂਹ ਨੂੰ ਰਾਗ ਦੀ ਗਤ ਵਜਾਉਣ ਤੋਂ ਬਾਅਦ ਵਜਾਂਦੇ ਹਾਂ ਉਸ ਨੂੰ ਤੋੜਾ ਕਹਿੰਦੇ ਹਨ। ਤੋੜੇ ਵਿੱਚ ਰਾਗ ਦੀ ਝਲਕ ਦਿਖਦੀ ਰਹਿੰਦੀ ਹੈ, ਤੋੜਿਆ ਦਾ ਪ੍ਰਯੋਗ ਅਸੀਂ ਜੋੜ ਅਲਾਪ ਵਿੱਚ ਵੀ ਕਰਦੇ ਹੈ, ਇਸ ਵਿੱਚ ਅਲਾਪ ਦੀ ਗਤੀ ਦਰੁੱਤ ਕਰਕੇ ਬਰਾਬਰ ਦੇ ਛੋਟੇ-ਛੋਟੇ ਸਮੂਹ ਵਾਲੇ ਤੋਡੇ ਵਜਾਏ ਜਾਂਦੇ ਹਨ ਅਤੇ ਰਾਗ ਸਪ ਟ ਕੀਤਾ ਜਾਂਦਾ ਹੈ ਕਿ ਕਿਹੜਾ ਰਾਗ ਵਜਾਇਆ ਜਾ ਰਿਹਾ ਹੈ। ਤੋੜੇ ਤਾਲ ਦੀ ਕਿਸੀ ਵੀ ਮਾਤਰਾ (ਨਿ ਚਿਤ ਸਥਾਨ) ਤੋਂ _ਰੂ ਹੁੰਦੇ ਹਨ ਅਤੇ ਕਿਸੀ ਨਿਸਚਿਤ ਸਕਾਨ ਤੇ ਆਕੇ ਖਤਮ ਕੀਤੇ ਜਾਂਦੇ ਹਨ। ਫੇਰ ਉੱਥੋਰਾਤ ਦੇ ਬੋਲ_ਰੂ ਹੋ ਜਾਂਦੇ ਹਨ। ਤੋੜੇ ਹਮੇ ਾ ਐਸੀ ਮਾਤਰਾ ਤੋਂ _ਰੂ ਕਰਨੇ ਚਾਹੀਦੇ ਹਨ ਤਾ ਜੋ ਤੋੜਾ ਜਿਸ ਮਾਤਰਾ ਤੇ ਖਤਮ ਕੀਤਾ ਜਾਵੇ ਉਥੋ ਰਾਤ ਦਾ ਮੁਖੜਾ ਆਸਾਨੀ ਨਾਲ ਪਕੜਿਆ ਜਾਵੇ ਵੈਸੇ ਤਾ ਜਿਆਦਾਤਰ ਸਮ ਤੋਂ ਹੀ ਮੁਖੜਾ ਫੜਿਆ ਜਾਂਦਾ ਹੈ ਤੋੜੇ ਇਕ ਆਵਰਤਨ ਤੋਂ ਲੈਕੇ ਕਈ-ਕਈ ਆਵਰਤਨਾ ਦੇ ਹੋ ਸਕਦੇ ਹਨ। ਰਾਗ ਵਿੰਚ ਤੋੜੇ ਅੱਠ ਮਾਤਰਾ, ਸੋਲਾ ਮਾਤਰਾ, ਚੋਵੀ ਮਾਤਰਾ, ਬੱਤੀ ਮਾਤਰਾ ਜਾ ਇਸ ਤੋਂ ਵੱਧ ਮਾਤਰਾਵਾਂ ਦੇ ਤੋੜੇ ਵੀ ਵਜਾਏ ਜਾਂਦੇ ਹਨ, ਕਈ ਤੋੜਿਆਂ ਦੇ ਅੰਤ ਵਿੱਚ ਤਿਹਾਈ ਵਜਾਈ ਜਾਂਦੀ ਹੈ। ਤੋੜਿਆਂ ਦੀ ਸਹਾਇਤਾ ਨਾਲ ਰਾਤ ਕਾਫੀ ਸਮੇਂ ਤੱਕ ਵਜਾਈ ਜਾ ਸਕਦੀ ਹੈ।

1. **ਬਰਾਬਰ ਦਾ ਤੋੜਾ** : ਇਸ ਵਿੱਚ ਜਿਸ ਲੈਅ ਵਿੱਚ ਰਾਗ ਦੀ ਰਾਤ ਵਜ ਰਹੀ ਹੁੰਦੀ ਹੈ, ਉਸ ਦੀ ਬਰਾਬਰ ਲੈਅ ਵਿੱਚ ਤੋੜਾ ਵਜਾਇਆ ਜਾਂਦਾ ਹੈ ਉਸ ਨੂੰ ਬਰਾਬਰ ਦਾ ਤੋੜਾ ਇਹਨਾਂ ਤੋੜਿਆ ਵਿੱਚ ਵੱਖ-ਵੱਖ ਲੈਅਕਾਰੀਆਂ ਵਿਖਾਕੇ ਅੰਤ ਵਿੱਚ ਤਿਹਾਈ ਵਜਾਈ ਜਾਂਦੀ ਹੈ।
2. **ਦੁਗਨ ਦਾ ਤੋੜਾ** : ਜਦੋਂ ਰਾਤ ਦੀ ਗਤੀ ਦਰੁੱਤ ਲੈਅ ਵਿੰਚ ਲਿਜਾਕੇ ਦੁਰੱਤ ਲੈਅ ਵਿੱਚ ਤੋਡੇ ਵਜਾਏ ਜਾਂਦੇ ਹਨ ਤਾਂ ਉਸ ਨੂੰ ਦੁਗਨ ਦਾ ਤੋਡਾ ਕਹਿੰਦੇ

ਹਲ। ਜਾਂ ਜਿਸ ਲੈਅ ਵਿੱਚ ਗਤ ਵਜਾਈ ਜਾ ਰਹੀ ਹੈ ਉਸਤੋਂ ਦੁਗਨ ਲੈਅਕਾਰੀ ਵਿੱਚ ਜਦੋਂ ਤੋੜਾ ਵਜਾਇਆ ਜਾਂਦਾਹੈ ਤਾਂ ਉਸ ਨੂੰ ਦੁਗਨ ਦਾ ਤੋੜਾ ਕਿਹਾ ਜਾਂਦਾ ਹੈ। ਦੁਗਨ ਦਾ ਅਰਥ ਹੈ ਦੁਗਣਾ ਅਰਥਾਤ ਇੱਕ ਮਾਤਰਾ ਤੇ ਦੋ ਸਵਰਾਂ ਨੂੰ ਸਮਾਨ ਚਾਲ ਨਾਲ ਵਜਾਉਣਾ।

ਪਾਠ-4

# ਸਿਤਾਰ- ਇਤਿਹਾਸ, ਅੰਗ ਵਰਣਨ

## ਸਿਤਾਰ

ਭਾਰਤੀ ਸੰਗੀਤ ਵਿੱਚ ਇੱਕ ਬਹੁਤ ਹੀ ਲੋਕਪ੍ਰਿਅ ਤੰਤ੍ਰੀ ਵਾਦਅ (ਸਾ ) ਹੈ ਜਿਸ ਦਾ ਪ੍ਰਚਾਰ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਦੇ ਵਿੱਚ ਹੀ ਨਹੀਂ ਸਗੋਂ ਵਿਦੇ ਾ ਵਿੰਚ ਵੀ ਇਸ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।

ਸਿਤਾਰ ਦਾ ਇਤਿਹਾਸ ਸਿਰਫ 25●-3●● ਮ ਨਿਆ ਜਾਂਦਾਹੈ। ਆਪਣੇ ਜਨਮ ਤੋਂ ਹੁਣ ਤਕ ਸਿਤਾਰ ਨੇ ਬਹੁਤ ਲੋਕ ਪ੍ਰਿਅਤਾ ਹਾਸਿਲ ਕੀਤੀ ਹੈ। ਇਹ ਕਹਿਣਾ ਬਿਲਕੁਲ ਠੀਕ ਹੀ ਹੋਵੇਗਾ ਕਿ ਤੰਤ੍ਰੀ ਵਾਦਆਂ ਵਿਚੋਂ ਸਿਤਾਰ ਨੇ ਸਭ ਤੋਂ ਵੱਧ ਲੋਕ ਪ੍ਰਿਅਤਾ ਪਾਈ ਹੈ।

ਸਿਤਾਰ ਦੇ ਅਦਿ ਕਾਰ ਦੇ ਵਿ ਵਿੱਚ ਕਈ ਵਿਦਵਾਨਾਂ ਦੇ ਮਤ ਹੈ ਕਿ ਇਸ ਦਾ ਅਵਿ ਕਾਰ 14 ਵੀਂ ਸਦੀ ਦੇ ਪ੍ਰਸਿੱਧ ਸੰਗੀਤਕਾਰ ਅਮੀਰ ਖੁਸਰੋ ਨੇ 1253-1325 ਈ. ਵਿੱਚ ਕੀਤਾ। ਇਹਨਾਂ ਨੇ ਪ੍ਰਚੀਨ ਵੀਣਾ ਅਤੇ ਤਾਨਪੁਰੇ ਦੇ ਆਧਾਰ ਤੇ ਤਿੰਨ ਤਾਰਾਂ ਵਾਲਾ ਇਥ ਨਵੀਨ ਵਾਦਨ ਦਾ ਨਿਰਮਾਣ ਕਿਤਾ ਜਿਸ ਦਾ ਨਾਂ ਸੇਹਤਾਰ ਰਖਿਆ। ਸੇਹਤਾਰ ਫਾਰਸੀ ਭਾ ਾ ਦਾ ਬਦ ਹੈ ਜਿਸ ਦਾ ਅਰਥ ਹੈ ਤਿੰਨ ਤਾਰਾਂ ਵਾਲਾ ਵਾਦਅ ( ਾ )। ਹੌਲੀ-ਹੌਲੀ ਤਾਰਾਂ ਦੀ ਸੰਖਿਆਂ ਵਿੱਚ ਵਾਧਾ ਹੁੰਦਾ ਗਿਆ।

ਆਚਾਰਿਅ ਬ੍ਰਹਮਪਤੀ ਅਤੇ ਹੋਰ ਅਨੇਕਾਂ ਵਿਦਵਾ ਦਾ ਮਤ ਹੈ ਕਿ ਸਿਤਾਰ ਦਾ ਅਵਿ ਕਾਰ ਸਦਾ ਰੰਗ ਦੇ ਭਾਈ ਖੁਸਰੋਂ ਖਾਂ ਨੇ ਕੀਤਾ। ਖੁਸਰੋ ਖਾਂ ਅਤੇ ਸਦਾ ਰੰਗ, ਤਾਨਸੇਨ ਦੇ ਦਾਮਾਦ ਿ ਰੀ ਸਿੰਘ ਦੇ ਵੰ ਜਾਂ ਵਿੱਚੋਂ ਹਨ। ਇਸ ਲਈ ਾਇਦ ਖੁਸਰੋ ਖਾਂ ਅਤੇ ਅਮੀਰ ਖੁਸਰੋ ਦੇ ਨਾਮ ਦੀ ਸਮਾਨਤਾ ਹੋਣ ਕਾਰਨ ਇਸ ਦਾ ਸੇਹਰਾ ਅਮੀਰ ਖੁਸਰੋ ਨੂੰ ਦਿੱਤਾ ਜਾਂਦਾ ਰਿਹਾ ਹੈ ਪਰ ਹੁਣ ਵਿਦਵਾਨਾਂ ਦੇ ਸਤਾਨੁਸਾਰ ਸਿਤਾਰ ਦਾ ਅਵਿ ਕਾਰਕ ਖੁਸਰੋ ਖਾਂ ਨੂੰ ਮ ਨਿਆਂ ਜਾਂਦਾ ਹੈ।

ਖੁਸਰੋਂ ਖਾਂ ਦੇ ਪੋਤੇ ਫਿਰੋ ਖਾਂ, ਸਦਾਰੰਗ ਦੇ ਪੁੱਤਰ ਉਸਤਾਦ ਮਸੀਤ ਖਾਂ ਨੇ

ਵਿੰਲਬਿਤ ਲੈਅ ਨੂੰ ਬਣਾਇਆ ਅਤੇ ਪ੍ਰਧਾਨਤਾ ਦਿਲਵਾਈ। ਮਸੀਤ ਖਾਂ ਦੇ ਿ ਮੁਹਮੰਦ ਰ ਾ ਖਾਂ ਨੇ ਦ੍ਰਤ ਲੈਅ ਬਣਾਈ ਜਿਹੜੀ ਰ ਾਖਾਨੀ ਰਾਤ ਨਾਲ ਜਾਣੀ ਜਾਂਦੀ ਹੈ।

ਸਿਤਾਰ ਦੇ ਵਾਦਨ ਵਿੱਚ ਪਰੰਪਰਾਗਤ ਦੋ ਤਰ੍ਹਾਂ ਦੀਆਂ ੈਲੀਆਂ (ਬਾਜ) ਪ੍ਰਚਲਿਤ ਹਨ। ਇਸ ਮਸੀਤਖਾਨੀ ਬਾਜ ਜਿਸ ਨੂੰ ਦਿੱਲੀ ਬਾਜ ਜਾਂ ਵਿਲੰਬਿਤ ਰਾਤ ਦੀ ਲੈਅ ਕਹਿੰਦੇ ਹਨ। ਦੂਜੀ ਰਾਜਖਾਨੀ ਬਾਜ ਜਿਸ ਨੂੰ ਲਖਨਉ ਜਾਂ ਪੂਰਵੀਬਾਜ ਜਾਂ ਦ੍ਰਤ ਰਾਤ ਦੀ ਲੈਅ ਕਹਿੰਦੇ ਹਨ। ਗੰਭੀਰ ਪ੍ਰਕਿਤੀ ਦੀ ਹੁੰਦੀਹੈ। ਇਸ ਬਾਜ ਵਿੱਚ ਦਾ ਗ, ਦਿਰ ਬੋਲਾਂ ਦਾ ਪ੍ਰਯੋਗ ਕਿਤਾ ਜਾਂਦਾ ਹੈ।

ਦ੍ਰਤ ਗਤ ਜਿਸ ਨੂੰ ਪੂਰਵੀ ਬਾਜ ਜਾਂ ਰਜਾਖਾਨੀ ਬਾਜ ਦੇ ਨਾਲ ਲਖਨਵੀਂ ਬਾਜ ਵੀ ਕਹਿੰਦੇ ਹਨ। ਇਹ ਿ ਆਦਾ ਰੋਚਕ ਅਤੇ ਸੁੰਦਰ ਹੁੰਦੀ ਹੈ। ਇਸ ਦੀ ਪ੍ਰਕਿਤੀ ਚੰਚਲ ਹੁੰਦੀ ਹੈ।

ਇਸ ਦੇ ਬੋਲ ਦਾ, ਦਿਰ, ਦ੍ਰਾਮ, ਦ੍ਰਾ ਹਨ।

**ਅੰਗ ਵਰਣਨ** :

1. **ਤੂੰਬਾ** : ਸਿਤਾਰ ਦੇ ਹੇਠਲੇ ਭਾਗ ਵਿੱਚ ਲੌਕੀ ਜਾਂ ਕੱਦੂ ਦਾ ਗੋਲਾਕਾਰ ਭਾਗ ਜਿਹੜਾ ਅੰਦਰੋ ਖੋਖਲਾ ਹੁੰਦਾ ਹੈ। ਡਾਂਡ ਦੇ ਨਾਲ ਜੁੜਿਆ ਹੁੰਦਾ ਹੈ। ਇਸ ਨੂੰ ਤੁੰਬਾ ਕਹਿੰਦੇ ਹਨ। ਸਿਤਾਰ ਦੇ ਤਾਰਾਂ ਦੀ ਗੂੰਜ ਇਸੇ ਕਾਰਣ ਹੁੰਦੀ ਹੈ।

2. **ਤਬਲੀ** : ਲਕੜੀ ਦਾ ਉਹ ਭਾਗ, ਜਿਸ ਨਾਲ ਢੱਕਣ ਵਾਂਗ ਤੂੰਬੇ ਨੂੰ ਢੱਕਿਆ ਜਾਂਦਾ ਹੈ, ਉਹ ਤਬਲੀ ਕਹਾਉਂਦਾ ਹੈ।

3. **ਬ੍ਰਿਜ** :ਇਸ ਨੂੰ ਘੁੜਚ ਜਾਂ ਘੋੜੀ ਕਹਿੰਦੇ ਹਨ। ਇਸ ਤਬਲੀ ਦੇ ਉੱਪਰ ਰੱਖਿਆ ਹੁੰਦਾ ਹੈ ਜਿਸ ਦੇ ਉੱਪਰ ਤਾਰ ਰਖੇ ਹੁੰਦੇ ਹਨ। ਇਹ ਲਕੜੀ ਜਾਂ ਹਾਥੀ ਦੰਦ ਦੀ ਬਣੀ ਛੋਟੀ ਚੌਂਕੀ ਦੇ ਆਕਾਰ ਦੀ ਹੁੰਦੀ ਹੈ।

4. **ਡਾਂਡ** : ਤੂੰਬੇ ਨਾਲ ਜੁੜਿਆ, ਸਿਤਾਰ ਦਾ ਲੰਬਾ ਭਾਗ ਡਾਂਡ ਕਹਾਉਂਦਾ ਹੈ। ਇਹ ਲੱਕੜੀ ਦਾ ਬਣਿਆ ਹੁੰਦਾ ਹੈ। ਅਤੇ ਅੰਦਰੋਂ ਖੋਖਲਾ ਹੁੰਦਾ ਹੈ। ਡਾਂਡ ਦੇ ਉਪਰ ਹੀ ਸਿਤਾਰ ਦੇ ਪਰਦੇ ਬੰਨੇ ਜਾਂਦੇ ਹਨ। ਇੱਕ ਸਿਰੇ ਤੇ ਖੂ ਟੀਆਂ ਲਗੀਆਂ ਹੁੰਦੀਆਂ ਹਨ।

5. **ਗੁਲੂ** : ਤੁੰਬੇ ਅਤੇ ਡਾਂਡ ਦੇ ਜੋੜਨ ਵਾਲੇ ਸਥਾਨ ਨੂੰ ਗੁਲੂ ਕਹਿੰਦੇ ਹਨ।

6. **ਲੰਗੋਟ** : ਤੁੰਬੇ ਦੇ ਹੇਠਲੇ ਭਾਗ ਵਿੱਚ ਤਾਰਾਂ ਨੂੰ ਬੰਨਣ ਲਈ ਇੱਕ ਕਿਲ ਜਾਂ ਤਿਕੋਨੀ ਪੱਟੀ ਹੁੰਦੀ ਹੈ ਜਿਸ ਨੂੰ ਕਿਲ, ਲੰਗੋਟ ਜਾਂ ਮੋਂਗਰਾ ਕਹਿੰਦੇ ਹਨ।

7. **ਅੱਟੀ** : ਸਿਤਾਰ ਦੀ ਡਾਂਡ ਦੇ ਉਪਰ ਵਾਲੇ ਪਾਸੇ ਹੱਡੀ ਦੀ ਬਣੀ ਹੋਈ ਇੱਕ ਪੱਟੀ ਹੁੰਦੀ ਹੈ। ਇਸ ਉਪਰੋਂ ਤਾਰ ਅੱਟਕ ਕੇ ਖ਼ੂੰਟੀਆਂ ਨਾਲ ਬੰਨੇ ਜਾਂਦੇ ਹਨ। ਇਸ ਲਈ ਇਸ ਨੂੰ ਅੱਟੀ ਕਿਹਾ ਜਾਂਦਾ ਹੈ।

8. **ਤਾਰ ਗਹਿਨ** : ਤਾਰ ਗਹਿਨ ਨੂੰ ਤਾਰਦਾਨ ਵੀ ਕਿਹਾ ਜਾਂਦਾ ਹੈ। ਅੱਟੀ ਦੇ ਨਾਲ ਹੀ ਇੱਕ ਪੱਟੀ ਹੁੰਦੀ ਹੈ। ਇਸ ਵਿੱਚ ਸੁਰਾਖ ਹੁੰਦੇ ਹਨ। ਅੱਟੀ ਦੇ ਉੱਪਰ ਤਾਰ ਅਟਕੇ ਹੁੰਦੇ ਹਨ ਅਤੇ ਤਾਰ ਗਹਿਨ ਦੇ ਸੁਰਾਖਾਂ ਵਿੱਚੋਂ ਲੰਘ ਕੇ ਖ਼ੂੰਟੀਆਂ ਨਾਲ ਕਸੇ ਜਾਂਦੇ ਹਨ।

9. **ਖ਼ੂੰਟੀਆਂ** : ਸਿਤਾਰ ਦੀਆਂ ਸਾਰੀਆਂ ਤਾਰਾਂ ਨੂੰ ਕੱਸਨ ਲਈ ਸਿਤਾਰ ਦੀ ਡਾਂਡ ਦੇ ਸਤ ਵੱਡੀਆਂ ਖ਼ੂ ਟੀਆਂ ਲਗਈਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਤਾਰ ਕਸੇ ਹੁੰਦੇ ਹਨ। ਇਹਨਾਂ ਸਤ ਮੁੱਖ ਖ਼ੂੰਟੀਆਂ ਤੋਂ ਅਲਾਵਾ 13 ਜਾਂ 14 ਛੋਟੀਆਂ–ਛੋਟੀਆਂ ਖ਼ੂੰਟੀਆਂ ਵੀ ਲਗੀਆਂ ਹੁੰਦੀਆਂ ਹਨ। ਇਹਨਾਂ ਨਾਲ ਤਰਬ ਦੀਆਂ ਤਾਰਾਂ ਨੂੰ ਕਸਿਆਂ ਜਾਂਦਾ ਹੈ।

10. **ਮਣਕਾ** : ਸਿਤਾਰ ਦੇ ਪਹਿਲੇ ਤਾਰ ਜਿਸ ਨੂੰਬਾਜ ਦਾ ਤਾਰ ਕਹਿੰਦੇ ਹਨ ਉਸ ਵਿੱਚ ਹਾਥੀ ਦੰਦ ਦੀ ਬਣੀ ਚਿੜੀ, ਮੋਰ ਬਤਕ ਆਦਿ ਕਲ ਦਾ ਮੋਤੀ, ਪਿਰੋਆ ਹੁੰਦਾ ਹੈ ਜਿਸ ਨੂੰ ਥੋੜਾ ਉਪਰ ਜਾਂ ਨੀਚੇ ਖਿਸਕਾ ਕੇ ਸਵਰ ਨੂੰ ਚੜਾਇਆ ਜਾਂ ਉਤਾਰਿਆ ਜਾਂਦਾ ਹੈ। ਇਸ ਤਰ੍ਹਾਂ ਦਾ ਮੋਤੀ ਦੂਜੇ ਅਤੇ ਤੀਜੇ ਤਾਰ (ਜੋੜੀ ਦੇ ਤਾਰ) ਵਿੱਚ ਲਗਾਇਆ ਜਾਂਦਾ ਹੈ।

11. **ਪਰਦਾ** : ਸਿਤਾਰ ਦੀ ਡਾਂਡ ਦੇ ਉੱਪਰ ਪਿੱਤਲ ਜਾਂ ਲੋਹੇ ਦੇ ਟੁੱਕੜੇ ਜਿਹੜੇ ਕੁਝ ਮੁੜੇ ਹੁੰਦੇ ਹਨ। ਇਹ ਡਾਂਡ ਉਭਰ ਤੰਦ ਜਾਂ ਤਾਤ ਦੀ ਡੋਰੀ ਨਾਲ ਬੰਨੇ ਹੁੰਦੇ ਹਨ ਇਹਨਾਂ ਨੂੰ ਪਰਦੇ ਕਿਹਾ ਜਾਂਦਾ ਹੈ। ਇਹ ਪਰਦਾ 18 ਤੋਂ 20 ਤਕ ਦੀ ਗਿਣਤੀ ਦੇ ਹੁੰਦੇ ਹਨ। ਇਹ ਸਵਰਾਂ ਦੀ ਜਗ੍ਹਾਂ ਨਿ ਚਿਤ ਕਰਨ ਲਈ ਲਗਾਏ ਜਾਂਦੇ ਹਨ। ਇਹਨਾਂ ਨੂੰ ਖੱਬੇ ਹੱਥ ਦੀਆਂ ਉਂਗਲਿਆਂ ਨਾਲ ਦਬਾ ਕੇ ਸੱਜੇ ਹੱਥ ਦੀ ਉਂਗਲੀ ਵਿੱਚ ਮਿਜਰਾਬ ਪਾ ਕੇ ਚੋਟ ਜਾਂ ਆਯਾਤ ਕਰਨ ਨਾਲ ਸਵਰ ਪੈਦਾ ਕੀਤੇ ਜਾਂਦੇ ਹਨ।

12. **ਮਿ ਰਾਬ** : ਲੋਹੇ ਦੀ ਬਣੀ ਤਾਰ ਜਿਸ ਨੂੰ ਤਿਕੋਨਾ ਆਕਾਰ ਦਿੱਤਾ ਜਾਂਦਾ ਹੈ ਮਿ ਰਾਬ ਕਹਾਉਂਦੀ ਹੈ। ਇਸ ਨੂੰ ਸੱਜੇ ਹੱਥ ਦੀ ਤਰਜਨੀ ਉਂਗਲੀ ਵਿੱਚ ਪਹਿਨ ਕੇ ਤਾਰਾਂ ਦੇ ਪ੍ਰਵਾਹ ਕਿੱਤਾ ਜਾਂਦਾ ਸਿਤਾਰ ਦੇ ਤਾਰ ਅਤੇ ਇਸ ਨੂੰ ਮਿਲਾਣ ਦਾ ਢੰਗ।

**ਪਹਿਲਾ ਤਾਰ** ਸਿਤਾਰ ਦਾ ਪਹਿਲਾ ਤਾਰ ਲੋਹੇ ਦਾ ਹੁੰਦਾ ਹੈ। ਇਹ ਮੁੱਖ ਤਾਰ ਬਾਜ ਦਾ ਤਾਰ ਕਹਿਲਾਉਂਦਾ ਹੈ। ਇਸ ਤਾਰ ਨੂੰ ਮ ਦਰ-ਸਪਤਕ ਮ (ਮੱਧਮ) ਸਵਰ ਨਾਲ ਮਿਲਾਇਆ ਜਾਂਦ ਹੈ।

**ਦੂਜਾ ਅਤੇ ਤੀਜਾ ਤਾਰ** ਦੂਸਰਾ ਅਤੇ ਤੀਸਰਾ ਤਾਰ ਪਿੱਤਲ ਜਾਂ ਤਾਂਬੇ ਦਾ ਹੁੰਦਾ ਹੈ। ਇਹ ਦੋਵੇਂ ਇਕੋ-ਜਿਹੇ ਹੁੰਦੇ ਹਨ। ਇਹਨਾਂ ਨੂੰ ਜੋੜੀ ਜਾਂ ੜਜ ਦਾ ਤਾਰ ਕਹਿੰਦੇ ਹਨ। ਇਹਨਾਂ ਨੂੰ ਮ ਦਰ ਸਪਤਕ ਦੇ ੜਜ ਸ ਨਾਲ ਮਿਲਾਂਉਂਦੇ ਹਨ।

**ਚੌਥਾ ਤਾਰ :** ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਇਸ ਦੀ ਮੋਟਾਈ ਜੋੜੀ ਦੇ ਤਾਰ ਤੋਂ ਿਆਦਾ ਅਤੇ ਅਤੀ ਮ ਦਰ ਸਪਤਕ ਦੇ ਪੰਚਮ ਦਾ ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ ਲਰ ਦਾ ਤਾਰ ਵੀ ਕਹਿੰਦੇ ਹਨ।

**ਪ ਜਵਾਂ ਤਾਰ :** ਪ ਜਵਾਂ ਤਾਰ ਬਾਜ ਦੀ ਤਾਰ ਵਾਂਗ ਲੋਹੇ ਜਾਂ ਸਟੀਲ ਦਾ ਹੁੰਦਾ ਹੈ ਅਤੇ ਮ ਦ੍ਰ ਪੰਚਮ ਨਾਲ ਪ ਨਾਲ ਮਿਲਾਇਆ ਜਾਂਦਾ ਹੈ। ਜਿਨ੍ਹਾਂ ਰਾਗਾਂ ਵਿੱਚ ਪੰਚਮ ਸਵਰ ਨਹੀਂ ਲਗਦਾ ਹੋਵੇ ਉਨ੍ਹਾਂ ਵਿੱਚ ਇਹ ਦੋਵੇਂ ਤਾਂ ਮੱਧਮ ਮ ਸਵਰ ਨਾਲ ਮਿਲਾ ਲਏ ਜਾਂਦੇ ਹਨ।

**ਛੇਵੀ ਅਤੇ ਸਤਵਾਂ ਤਾਰ :** ਛੇਵਾਂ ਅਤੇ ਸਤਵਾਂ ਤਾਰ ਲੋਹੇ ਦਾੱਦਾ ਹੈ ਇਹਨਾਂ ਤਾਰਾਂ ਦੀ ਮੋਟਾਈ ਬਾਕੀ ਤਾਰਾਂ ਨਾਲੋਂ ਬਹੁਤ ਘੱਟ ਹੁੰਦੀ ਹੈ। ਇਹ ਚਿਕਦੇ ਤਾਰ ਹੁੰਦੇ ਹਨ। ਛੇਵਾਂ ਤਾਰ ਮੱਧ ਸਪਤਕ ਦੇ ਸ ਨਾਲ ਅਤੇ ਸਤਵਾਂ ਤਾਰ ਤਾਰ ਸਪਤਕ ਦੇ ਸਂ ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ ਪਪੀਹੇ ਦਾ ਤਾਰ ਵੀ ਕਹਿੰਦੇ ਹਨ।

**ਤਰਬ ਦੇ ਤਾਰ** : ਸਿਤਾਰ ਦੀਆਂ ਮੁੱਖ ਸਤ ਤਾਰਾਂ ਦੇ ਹੇਠਾਂ ਕੁਝ ਹੋਰ ਤਾਰ ਹੁੰਦੇ ਹਨ। ਜਿਨ੍ਹਾਂ ਨੂੰ ਤਰਬ ਦੀਆਂ ਤਾਰਾਂ ਕਹਿੰਦੇ ਹਨ। ਇਹ ਤਾਰ ਭਿੰਨ-2 ਸਵਰਾਂ ਨਾਲ ਮਿਲਾਏ ਜਾਂਦੇ ਹਨ। ਇਨ੍ਹਾਂ ਤਾਰਾਂ ਨੂੰ ਮਿਲਾਇਆ ਨਹੀਂ ਜਾਂਦਾ ਸਗੋਂ ਵਜਾਉਂਦੇ ਸਮੇਂ ਇਨ੍ਹਾਂ ਵਿਚੋਂ ਅਲੱਗ-ਅਲੱਗ ਸਵਰਾਂ ਦੀ ਝੰਕਾਰ ਪੈਦਾ ਹੁੰਦੀਹੈ। ਕਦੇ ਕਦੇ ਇਨ੍ਹਾਂ ਨੂੰ ਅਲਗ ਨਾਲ ਛੇੜ ਕੇ ਮਧੁਰ ਧਵਨਿਆਂ ਕੱਢੀਆਂ ਜਾਂਦੀਆਂ ਹਨ। ਇਨ੍ਹਾਂ ਤਾਰਾਂ ਦੀ ਸੰਖਿਆ 9 ਤੋਂ 13 ਤੱਕ ਹੁੰਦੀ ਹੈ।

ਪਾਠ-5

# ਪ ਡਿਤ ਵਿ ਨੂੰਪਰਾਇਤ ਭਾਂਤਖ ਡੇ ਜੀ ਦੀ ਸੁਰ ਲਿਪੀ ਅਤੇ ਤਾਲ ਲਿਪੀ ਦਾ ਵਰਣਨ

ਉੱਤਰੀ ਭਾਰਤ ਵਿੱਚ ਪ੍ਰਯੋਗ ਹੋਣ ਵਾਲੀ ਲਿਪੀ ਨੂੰ ਭਾਂਤਖ ਡੇ ਜੀ ਦੀ ਸੁਰਲਿਪੀ ਤੋਂ ਜਾਣਿਆ ਜਾਂਦਾ ਹੈ। ਇਹ ਮਧਤਤੀ ਅਸਾਨ ਹੋਣ ਕਰਕੇ ਉੱਤਰੀ ਭਾਰਤ ਵਿੱਚ ਬਹੁਤ ਪ੍ਰਚਲਿਤ ਹੈ। ਭਾਂਤਖ ਡੇ ਜੀ ਨੇ ਸਾਰੇ ਪਾਰਤ ਦਾ ਦੋਰਾ ਕਰਕੇ ਪੁਰਾਣੇ ਘਰਾਨੇ ਦੇ ਸੰਗੀਤਕਾਰਾਂ ਤੋਂ ਸੰਗੀਤ ਦੀ ਸਮਗ੍ਰੀ ਪ੍ਰਾਪਤ ਕੀਤੀ। ਸੰਗੀਤ ਦੀਆਂ ਇਹਲਾਂ ਚੀਜਾ ਤੇ ਮਿਹਨਤ ਕਰਕੇ ਇਕ ਨਮੀ ਸੁਰਲਿਪੀ ਤਿਆਰ ਕੀਤੀ ਤੇ ਅਪਣੀ ਪੁਸਤਕ ਕ੍ਮਿਨ ਪੁਸਤਕ ਮਾਲਿਕਾ ਵਿੱਚ ਇਕੱਠਾ ਕੀਤਾ। ਪੰ: ਜੀ ਦਾ ਵਿਚਾਰ ਸੀ ਕਿ ਵਿ ਰਾਗ ਕਿਸ ਤਰਾਂ ਗਾਇਆ ਜਾਵੇ ਕਿੱਥੇ ਕਿਨਾ ਠਹਿਰਾਵ ਕੀਤਾ ਜਾਵੇ ਇਸ ਦਾ ਗਿਆਨ ਵਿਦਿਆਰਥੀਆਂ ਨੂੰ ਕਰਾਉਣ ਲਈ ਉਹਨਾਂ ਨੇ ਵੋਕੇ ਨ ਪਧਤੀ_ਰੁ ਕੀਤੀ। ਵੋਕੇ ਨ ਪਧਤੀ ਆਪਣੇ ਆਪ ਵਿੱਚ ਪੁਰੀ ਤਾ ਨਹੀਂ ਹੋ ਸਕਦੀ ਜਿਉਂਕੀ ਸੰਗੀ ਦੀਆਂ ਬਰੀਕੀਆਂ ਨੂੰ ਦਿਖਾਉਣ ਦੇ ਬਣੀ ਸੁਰਲਿੱਪੀ ਪ੍ਰਣਾਲੀ ਯੋਗ ਹੈ। ਇਸ ਲਈ ਸੁਰ, ਤਾਲ, ਭਾ ਾ ਨਾਲ ਲਿੱਪੀ ਵੋਕੇ ਨ ਜਰੂਰੀ ਉਪਯੋਗੀ ਹੈ।

## ਭਾਂਤਖੰਡੇ ਜੀ ਦੀ ਸੁਰਲਿਪੀ ਤੇ ਤਾਲ ਲਿਪੀ ਤੇ ਚਿੰਨ

1. **ਸਵਰ**

(i) **ਧ ਸਵਰ** : ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸੁਰ_ਧ ਸਵਰ ਹਨ, ਇਹਨਾਂ ਨੂੰ ਸੁਰਲਿੱਪੀ ਵਿੱਚ ਲਿਖਣ ਲਈ ਸੁਰਾ ਤੋਂ ਕੋਈ ਚਿੰਨ ਨਹੀਂ ਲਗਾਇਆ ਜਾਦਾ ਜਿਵੇਂ : ਸਾ, ਰੇ, ਗ, ਮ, ਪ, ਧ, ਨੀ।

(ii) **ਕੋਮਲ ਸਵਰ** : ਕੋਮਲ ਸਵਰਾਂ ਨੂੰ ਸੁਰ ਲਿੱਪੀ ਵਿੱਚ ਲਿਖਣ ਲਈ ਸਵਰਾ ਦੇ ਕੱਲੇ ਲਾਈਨ ਜਾਂ ਡੈ ਦਾ ਚਿੰਨ ਲਗਾ ਕੇ ਸੂਚਿਤ ਕੀਤਾ

ਜਾਂਦਾ ਹੈ ਜਿਵੇਂ : ਰੇ ਗ ਧ ਨੀ

(iii) **ਤੀਬਰ ਸਵਰ :** ਇਹਨਾਂ ਸਵਰ ਲਈ ਸਵਰ ਦੇ ਉਪਰ ਛੋਟੀ ਜਹੀ ਰੇਖਾ ਲਗਾਈ ਜਾਂਦੀਹੈ ਜਿਵੇਂ ਮ ਸਵਰ ਹੀ ਤੀਬਰ ਸਵਰ ਹੈ ਇਸ ਲਈ ਇਸ ਸਵਰ ਦੇ ਉਪਰ ਖੜੀ ਰੇਖਾ ਲਗਾਈ ਜਾਵੇਗੀ।

2. **ਸਪਤਕ**

(i) **ਮ ਦਰ ਸਪਤਕ :** ਮ ਦਰ ਸਪਤਕ ਦੇ ਸੂਰਾ ਦੀ ਪਹਿਚਾਣ ਦੇ ਕਈ ਸਵਰਾਂ ਦੇ ਨੀਚੇ ਬਿੰਦੀ ਲਗਾਈ ਜਾਂਦੀ ਹੈ ਜਿਵੇਂ ਮ ਪ ਧ ਨੀ ।

(ii) **ਮੱਧ ਸਪਤਕ :** ਮੱਧ ਸਪਤਕ ਦੇ ਸਵਰਾਂ ਲਈ ਸੁਰ ਲਿੱਪੀ ਵਿੱਚ ਕੋਈ ਵੀ ਨਿ ਾਨ ਦੀ ਲੋੜ ਨਹੀਂ ਹੁੰਦੀ ਜਿਵੇਂ : ਸਾ ਰੇ ਗ ਮ ਪ ਧ ਨੀ।

(iii) **ਤਾਰ ਸਪਤਕ :** ਤਾਾਰ ਸਪਤਕ ਦੇ ਸਵਰਾਂ ਦੇ ਉਪਰ ਬਿੰਦੀ ਲਗਾਈ ਜਾਂਦੀ ਹੈ ਜਿਵੇਂ : ਸਾਂ ਰੇਂ ਗਂ ਮਂ।

3. **ਸਵਰ ਮਾਨ**

(i) ਇਸ ਤਰਾਂ ਦੇ ਅਰਥ ਚੰਕਰ ਦਾ ਅੰਦਰ ਜਿੰਨੇ ਸਵਰ ਆਉਂਦੇ ਹਨ ਤਾਂ ਉਹਨਾਂ ਨੂੰ ਇਕ ਮਾਤਰਾਂ ਕਾਲ ਵਿੱਚ ਉਚਾਰਨ ਇਕੱਠੇ ਕੀਤਾ ਜਾਂਦਾ ਹੈ। ਜਿਵੇਂ : ਗਮ ਪਧਨੀ ਸਾਰੇਗਮ ।

4. **ਸਵਰਾਂ ਦੀ ਸੁੰਦਰਤਾ**

**(i)** **ਮੀਂਡ** : – ਮੀਂਡਦਾ ਚਿੰਨ ਸਰਲਿੱਪੀ ਵਿੱਚ ਦਸਦ ਲਈ ਸਵਰਾਂ ਦੇ ਉਪਰ ਅਰਧ ਚੰਦਰਾਕਾਰ ਦਸਦੇ ਹਨ। ਜਿਵੇਂ ਗ ਮ ਇਸ ਨਾਲ ਇਹ ਸਪ ਟ ਹੈ ਕਿ ਗ ਦੇ ਪਰਦੇ ਨਾਲ ਮ ਸਵਰ ਦੀ ਮੀਂਡ ਕ੍ਰਿਆ ਦੁਆਰਾ ਇਸ ਪ੍ਰਕਾਰ ਧੁਨੀ ਦਾ ਉਚਾਰਨ ਕਰਨਾ ਗ ਸਵਰ ਦੀ ਧੁਨੀ ਖ ਡਿਤ ਹੋਏ ਬਿਨਾ ਮ ਸਵਰ ਉੱਤੇ ਆਕੇ ਰੁਕ ਜਾਈਏ।

**(ii)** **ਕਣ** : $\frac{\text{ਮ}}{\text{ਪ}}$ ਇਸ ਤਰ੍ਹਾਂ ਦੇ ਸਵਰ ਉੱਤੇ ਦੂਸਰਾ ਸਵਰ ਲਿਖਿਆ ਅਿਗਾ ਹੋਵੇ ਤਾਂ ਇਸ ਤੋਂ ਪਾਵ ਹੈ ਕਿ ਪ ਸਵਰ ਦੇ ਉਚਾਰਣ ਕਰਨ ਤੋਂ ਪਹਿਲਾਂ ਮ ਸਵਰ ਨੂੰ ਥੋੜਾ ਜਿਹਾ ਛੁਹਣਾ। ਕਣ ਪਹਿਲੇ ਸਵਰ ਜਾਂ ਬਾਅਦ ਦੇ ਸਵਰ ਦਾ ਵੀ ਹੋ ਸਕਦਾ ਹੈ ਜਿਹੜਾ ਸਵਰ ਉਪਰ ਬਾਅਦ

ਵਾਲਾ ਸਵਰ ਲਿਖਿਆ ਹੋਵੇਗਾ ਤਾਂ ਉਸ ਦਾ ਹੀ ਕਣ ਲਿਆ ਜਾਵੇਗਾ।

ਜਿਵੇਂ :

**(iii)** **ਖਟਕਾ** : (ਮ) ਜੇਕਰ ਕੋਈ ਸਵਰ ਇਸ ਤਰਾਂ ਦੀ ਬਰੈਕਟ ਵਿੱਚ ਹੋਵੇ ਤਾਂ ਉਸ ਸਵਰ ਦਾ ਉਚਾਰਦ ਕਰਨ ਤੋਂ ਪਹਿਲਾਂ ਉਸਦੇ ਬਾਅਦ ਵਾਲੇ ਵਰਾਂ ਦਾ ਖਟਕਾ ਲੈਕੇ ਕਹਾਗੇ ਕਿ ਉਸ ਦੇ ਪਹਿਲੇ ਵਾਲੇ ਸਵਰ ਦਾ ਖਟਕਾ ਲੈ ਕੇ ਅੰਦਰ ਵਾਲੇ ਸਵਰ ਕਹਾਂਗੇ ਜਿਵੇ : ਰਾ ਮ ਪ ਮ ਜਾ

ਇਹ ਕਿਰਿਆ ਜਲਦੀ ਨਾਲ ਅਤੇ ਸਵਰਾਂ ਦੇ ਸਪ ਟ ਉਚਾਰਨ ਨਾਲ ਕੀਤੀ ਜਾਂਦੀ ਹੈ।

5) **ਗੀਤਾ ਦਾ ਉੱਚਾਰਣ**

**(i) ਡੈ** – : ਡੈ ਦਾ ਨਿ ਾਨ ਜਿਹਨਾਂ ਸਵਰਾਂ ਦੇ ਅੱਗੇ ਲੱਗ ਹੋਵੇ ਤਾਂ ਉਹਨਾਂ ਸਵਰਾਂ ਲੂੰ ਉਚਾਰਣ ਕਰਨ ਤੋਂ ਬਾਅਦ ਉਹਨਾਂ ਸਵਰਾਂ ਤੇ ਠਹਿਰਿਆ ਜਾਂਦਾ ਹੈ। ਜਿੰਨੇ ਸਵਰਾਂ ਦੇਅੱਗੇ ਰੈ ਦਾ ਚਿੰਨ ਹੋਵੇਗਾ ਉੱਨੇ ਮਾਤਰਾ ਕਾਲ ਦਾ ਠਹਿਰਾਵ ਹੁੰਦਾ ਹੈ।

ਗ ਪ / ਮ ਧ

**(ii) ਅਵਰਕਹ** **S** : ਇਹ ਚਿੰਨ ਜਿਹਨਾਂ ਸਵਰਾਂ ਦੇ ਅੱਗੇ ਹੁੰਦਾ ਹੈ ਉਹਨਾਂ ਹੀ ਮਾਤਰਾ ਕਾਲ ਲਈ ਉਸ ਕੋਲ ਨੂੰ ਵਧਾਇਆ ਜਾਂਦਾ ਹੈ। ਜਿਵੇ ਮ SSS

**(iii) ਅਰਧ ਵਿਰਾਮ** , : ਇਸ ਤਰ੍ਹਾਂ ਕੋਮਾ ਦਾ ਨਿ ਾਨ ਜਿਹਨਾਂ ਗੀਤਾਂ ਜਾਂ ਰਾਤ ਦੇ ਬੋਲਾ ਜਾਂ ਸਵਰਾਂ ਅੱਗੇ ਲਗਾ ਹੋਵੇ ਉਸ ਦੇ ਉਹਨੇ ਹੀ ਸਮ, ਵਿਪਾਗ ਹੁੰਦੇ ਹਨ।

6) **ਤਾਲ ਲਿੱਪੀ** :

**(i) ਸਮ** × : ਤਾਲ ਵਿੱਚ ਸਮ ਦੇ ਚਿੰਨ ਲਈ ਇਸ ਤਰ੍ਹਾਂ ਦੇ ਗੁਣਾ ਦੇ ਚਿੰਨ ਲਗਾਦੇ ਹਨ। ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾਹੈ।

**(ii) ਖਾਲੀ** **O** : ਤਾਲ ਵਿੱਚ ਖਾਲੀ ਦੇ ਲਈ ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ, ਤਾਲ ਵਿੰਚ ਖਾਲੀ ਇਕ ਤੋਂ ਵੱਧ ਵੀ ਹੋ ਸਕਦੇ ਹਨ।

**(iii) ਖਾਲੀ** **।** : ਇਸ ਤਰ੍ਹਾਂ ਦੀ ਲਾਈ ਤੋਂ ਤਾਲ ਦੀਆਂ ਮਾਤਰਾਵਾਂ ਦੀ

ਵੰਡ ਦਾ ਪਤਾ ਲਗਦਾ ਹੈ ਹਰ ਮਾਤਰਾ ਦੇ ਅਲਗ ਵਿਭਾਗ ਹੁੰਦੇ ਹਨ। ਵਿਭਾਗ ਦੇ ਲਈ ਸਿੱਘੀ ਰੇਖਾ ਦਾ ਚਿੰਨ ਲਗਾਇਆ ਜਾਂਦਾ ਹੈ।

**(iv) ਤਾਲੀ :** 1: 2: 3 : 4 ਸੁਰਲਿੱਪੀ ਵਿੱਚ ਤਾਲ ਵਿੱਚ ਤਾਲੀ ਦੇ ਚਿੰਨ ਲਈ ਗਿਣਤੀ ਦੇ ਚਿੰਨ ਜਿਵੇਂ 1, 2, 3, 4, ਲਗਾਏ ਜਾਦੇਹਨ ਕਈ ਤਾਲਾਂ ਵਿੱਚ ਇੱਕ ਤੋਂ ਵੱਧ ਤਾਲੀਆਂ ਹੁੰਦੀਆਂ ਹਨ।

**ਸਰਵ ਲਿੱਪੀ ਦੀਆਂ ਚੰਗੀਆਈਆਂ**

i). ਸੁਰਲਿਪੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਕਿਸੇ ਤੋਂ ਸਿੱਖੀ ਹੋਈ ਚੀਜ ਨੂੰ ਯਾਦ ਕਰਨ ਵਿੱਚ ਮਦਦ ਮਿਲਦੀ ਹੈ। ਕਿਉਂਕਿ ਲਿਖੀ ਹੋਈ ਚੀਜ ਨੂੰ ਵੇਖਦੇ ਹੀ ਪਹਿਲਾਂ ਯਾਦ ਕੀਤੀ ਚੀਜ ਯਾਦ ਕਰਨ ਵਿੱਚ ਆਸਾਨੀ ਹੁੰਦੀ ਹੈ।

ii). ਸਵਰ ਲਿਪੀ ਦੀ ਮਦਦ ਨਾਲ ਦੁਸਰੀ ਭਾ ਾਵਾਂ ਵਿੰਚ ਵੀ ਇਸਦਾ ਪ੍ਰਚਾਰ ਹੋ ਸਕਦਾ ਹੈ।

iii). ਜੇਕਰ ਅਸੀ ਕਿਸੀ ਗੁਣੀਜਨ ਤੋਂ ਗਾਇਕੀ ਦੀ ਕੋਈ ਚੀ ਸਿਖੀ ਹੈ ਤਾਂ ਉਸ ਨੂੰ ਸੁਰਲਿਪੀ ਦੇ ਸਹਾਰੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

iv). ਸੁਰ ਲਿਪੀ ਨਾਲ ਸਮੇਂ ਦੀ ਬਚਤ ਹੁੰਦੀ ਹੈ ਲਿਖੀ ਹੋਈ ਚੀਜ ਨੂੰ ਘੱਟ ਸਮੇ ਂ ਵਿੱਚ ਸਿਖਣਾ ਸੌਖਾ ਹੋ ਗਿਆ ਹੈ।

v). ਰਾਗਾਂ ਦੀ ਮੋਟੇ ਨ ਲਿਖ ਕੇ ਰੱਖਣ ਨਾਲ ਅਸੀਂ ਅਗਲੀ ਪੀੜੀ ਨੂੰ ਇਹ ਚੀਜ ਕਰਵਾਉਣ ਵਿੱਚ ਕਾਰਾਗਾਰ ਸਿੱਘ ਹੁੰਦੀ ਹੈ ਕਿਉਂਕਿ ਨੋਟੇ ਨ ਹੀ ਇੱਕ ਐਸਾ ਸਾਧਨ ਹੈ ਜੋ ਇਹਨਾਂ ਸਾਰਿਆਂ ਦਾ ਰਿਕਾਰਡ ਰਖਦਾ ਹੈ।

vi). ਸੁਵਰ ਲਿਪੀ ਦੁਆਰਾ ਹੀ ਅਸੀਂ ਘਰਾਣੇਦਾਰ ਗਾਇਕਾ ਦੀ ਚੀਜਾਂ ਨੂੰ ਸੰਪਾਲ ਕੇ ਰੱਖ ਸਕਦੇ ਹਾਂ।

ਜਿਵੇਂ ਭਾਤ ਖੰਡੇ ਜੀ ਦੀ ਪੁਸਤਕ ਕ੍ਰਮਿਕ ਪੁਸਤਕ ਮਾਲਿਕਾ 6 ੈ ਘਰਾਣੇ ਦਾਰ ਚੀਜਾ ਲਿਖੀਆਂ ਹਨ।

vii). ਸੁਰਲਿਪੀ ਸਰਲ ਸਪ ਟ ਹੋਣ ਤੇ ਘਟ ਗਿਆਨ ਵਾਲੇ ਤੇ ਵਿਦਵਾਨ ਦੋਨਾ ਦਾ ਫਾਇਦਾ ਲੈ ਸਕਦੇ ਹਨ।

viii). ਕਿਸੀ ਵੀ ਘਰਾਦੇ ਦੀ ੈਲੀ (ਗਾਇਕ, ਵਾਦਨ) ਦੀ ਸਵਰ ਲਿੱਪੀ ਦੀ

ਮਦਦ ਨਾਲ ਹੀ ਲਿਖਕੇ ਸੁਰਖਿਅਤ ਰੱਖੀ ਜਾ ਸਕਦੀ ਹੈ।

x). ਸਵਰ ਲਿਪੀ ਦਾ ਉਦੇ ਸਪ ਟ ਤੇ_ਧ ਰੂਪ ਵਿੱਚ ਸਾਰੀਆਂ ਚੀਜਾ ਦਾ ਵਰਣਨ ਕਰਲਾ ਹੈ। ਜਿਸ ਦੇ ਪੜਦੇ ਹੀ ਇਹ ਚੀਜ ਸਪ ਟ ਹੋ ਜਾਣ।

**ਸਵਰ ਲਿਪੀ ਦੀਆਂ ਬੁਰਾਈਆਂ**

1) ਸਵਰਾਂ ਦਾ_ਧ ਉਚਾਰਨ ਜਿਵੇਂ ਸਵਰਾਂ ਦੇ ਵਿ ਰਾਮ ਕੋਮਲ ਤੇ ਤੀਵਰ ਸਵਰਾ ਦਾ ਉਚਾਰਣ ਆਿ ਦਸਵਰ ਲਿੱਪੀ ਵਿੱਚ ਨਹੀਂ ਉਤਾਰੀਆਂ ਜਾ ਸਕਦਾ। ਕੇਵਲ ਸੁਰ ਲਿਪੀ ਤੇ ਅਧਾਰਿਤ ਹੋਦਾ ਪੈਦਾ ਹੈ ਤੇ ਸੰਗੀਤ ਦੀ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਨ।

2) ਸਵਰਾਂ ਦਾ ਉਚਾਰਣ, ਰਾਗ ਨੂੰ ਗਾਉਣ ਦਾ ਢੰਗ ਇਹ ਗੱਲਾਂ ਲਿਖਣ ਤੋਂ ਨਹੀਂ ਸੁਣ ਕੇ ਲਿਖੀਆਂ ਜਾ ਸਕਦੀਆਂ ਹਨ।

3) ਸਵਰ ਲਿੱਪੀ ਨੂੰ ਸੰਗੀਤ ਦੇ ਵਿਦਿਆਰੌਥੀਆਂ ਲੂੰ ਆਲਸੀ ਬਣਾ ਦਿੱਤਾ ਹੈ ਜਿਸ ਨਾਲ ਵਿਦਿਆਰਥੀ ਖੁਦ ਹੀ ਗਲਤ ਤਰੀਕੇ ਨਾਲ ਘਰ ਬੈਠ ਕੇ ਸੰਗੀਤ ਸਿੱਖ ਰਹੇ ਹਨ। ਜਿਸ ਨਾਲ ਗੁਰੂ ਸਿ ਾ ਪਰੰਪਰਾ ਖਤਮ ਹੋ ਰਹੀ ਹੈ।

4) ਕਈ ਕਠਿਨ ਧੁਨਾ ਨੂੰ ਅਸੀਂ ਸਵਰ ਲਿਪੀ ਦੁਆਰਾ ਲਏ ਂ ਸਮਝ ਸਕਦੇ ਜਦੋਂ ਤੱਕ ਕਿਸੀ ਉਸਤਾਦ ਤੋਂ ਪ੍ਰਯੋਗੀ ਰੂਪ ਤੋਂ ਵਿਹ ਸਿੱਖੀਆ ਨਾ ਜਾਣ।

ਪਾਠ-6

# ਗਤ, ਮਸੀਤਖਾਨੀ ਗਤ, ਰਜਾਖਾਨੀ ਗਤ

## ਗਤ

ਰਾਗ ਵਿੱਚ ਆਲਾਪ ਵਜਾਉਣ ਤੋਂ ਬਾਅਦ ਰਾਗ ਦੀ ਗਤ ਵਜਾਈ ਜਾਦੀ ਹੈ। ਕਿਸੇ ਵੀ ਰਾਗ ਤਾਲਬੱਧ ਰਚਨਾ ਨੂੰ ਗਤ ਕਹਿੰਦੇ ਹਨ ਗਤ ਵਿੰਲਬਿਤ ਜਾਂ ਦਰੁੱਤ ਲੈਅ ਵਿੱਚ ਵਜਾਈ ਜਾਂਦੀ ਹੈ ਗਤ ਦੇ ਦੋ ਭਾਗ ਹੁੰਦੇ ਹਨ ਸਥਾਈ ਅਤੇ ਅੰਤਰਾ। ਸਥਾਈ ਹਮੇ ਾ ਦੋ ਲਾਇਨਾਂ ਦੀ ਹੁੰਦੀ ਹੈ ਅਤੇ ਅੰਤਰਾਂ ਦੋ ਤੋਂ ਚਾਰ ਲਾਈਨਾਂ ਦਾ ਹੁੰਦਾਹੈ । ਵਾਦਨ ਵਿੱਚ ਗਤ ਦੀ ਬਹੁਤ ਵੀਣਾ ਅਤੇ ਸਿਤਾਰ ਤੇ ਵਜਾਇਆ ਜਾਣ ਵਾਲੀਆਂ ਸਵਰ ਰਚਨਾਵਾਂ ਨੂੰ ਵੀ ਗਤ ਕਹਿੰਦੇ ਹਨ। ਗਤ ਦੋ ਪ੍ਰਕਾਰ ਦੀ ਹੁੰਦੀ ਹੈ:-

**1. ਮਸੀਤ ਖਾਨੀ ਗਤ**

**2. ਰ ਾ ਖਾਨੀ ਗਤ**

1. **ਮਸੀਤ ਖਾਨੀ ਗਤ** : ਇਸ ਗਤ ਦੀ ਰਚਨਾ ਮਸੀਤ ਖਾਂ ਸਾਹਿਬ ਨੇ ਕੀਤੀ, ਇਸੇ ਲਈ ਇਸ ਗਤ ਦਾ ਨਾਂ ਮਸੀਤ ਖਾਨੀ ਗਤ ਪੈ ਗਿਆ। ਇਸ ਗਤ ਨੂੰ ਹਮੇ ਾ ਵਿਲੰਬਿਤ ਲੈਅ ਵਿੱਚ ਵਜਾਇਆ ਜਾਂਦਾ ਹੈ। ਵਾਦਨ ਵਿੱਚ ਇਹ ਗਤ 12 ਵੀਂ ਮਾਤਰਾਂ ਤੋਂ_ਰੂ ਕੀਤੀ ਜਾਂਦੀ ਹੈ ਇਸ ਵਿੱਚ ਦਿਰ ਦਾ ਦਿਰ ਦਾ ਰਾ ਦਾ ਦਾ ਰਾ ਦੇ ਬੋਲਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਗਤ ਵਿੱਚ ਮੀਂਡ, ਘਸੀਟ, ਗਮਕ ਦਾ ਪ੍ਰਯੋਗ ਕਰਕੇ ਚੋਗੁਣ ਤੇ ਅੱਠ ਗੁਣ ਦੇ ਤੋੜੇ ਵਜਾਏ ਜਾਂਦੇ ਹਨ ਅਤੇ ਗਿਆਰਵੀਂ ਮਾਤਰਾ ਤੇ ਇਹ ਤੋੜੇ ਖਤਮ ਕਰਕੇ ਬਾਰ੍ਹਵੀਂ ਮਾਤਰਾ ਤੋਂ ਗਤ ਨੂੰ ਪਕੜ ਲਿਆ ਜਾਂਦਾਹੈ। ਇਸ ਗਤ ਨੂੰ ਤਿੰਨ ਤਾਲ ਝਪਤਾਲ, ਇਕਤਾਲ ਰੂਪਕ ਤਾਲਾਂ ਵਿੱਚ ਵਜਾਇਆ ਜਾਂਦਾ ਹੈ।

2. **ਰ ਾਂ ਖਾਨੀ ਗਤ** : ਇਸ ਗਤ ਦੇ ਰਚਨਹਾਰ ਲਖਨਉ ਦੇ ਉਸਤਾਦ ਰ ਾ ਖਾਨੀ ਗਤ ਪੈ ਗਿਆ। ਇਸ ਗਤ ਨੂੰ ਪੂਰਵੀਬਾਜ ਦੀ ਗਤ ਜਾਂ ਦਿੱਲੀ ਬਾਜ ਦੀ ਗਤ ਵੀ ਕਹਿੰਦੇ ਹਨ। ਇਸ ਗਤ ਦੀ ਚਾਲ ਦ੍ਰੁਤ ਗਤੀ ਵਿੱਚ ਵਜਾਇਆ ਜਾਂਦਾ ਹੈ

ਇਸ ਨਹੀ ਇਹ ਵਜਾਣ ਵਿੱਚ ਬਹੁਤ ਚੰਚਲ ਲਗਦੀ ਹੈ ਇਸ ਗਤ ਵਿੱਚ ਦਾ, ਦਿਰ, ਦਿਰ  ਦਾ ਰਦਾ ਤਰ ਦਾ, ਦਾ ਗ ਗ ਦਾ ਗ ਦਾ ਦਿਰ ਦਾ ਗ ਦੇ ਬੋਲ ਵਜਾਏ ਜਾਂਦੇ ਹਨ। ਇਸ ਗਤ ਵਿੱਚ ਚੌਗਣ ਅਤੇ ਬਰਾਬਰ ਦੇ ਤੋੜਿਆ ਦਾ ਪ੍ਰਯੋਗ ਹੁੰਦਾ ਹੈ।

ਪਾਠ-7

# ਵਾਦਕ ਦੇ ਗੁਣ ਤੇ ਦੋ

ਗਾਇਨ ਦੇ ਵਾਦਨ ਸੰਗੀਤ ਰੂਪੀ ਧੁੱਥ ਦੇ ਦੋ ਪਹੀਏ ਹਨ। ਜੋ ਇਕ ਦੂਜੇ ਦੇ ਸਹਿਯੋਗ ਨਾਲ ਅੱਗੇ ਵਧਦੇ ਹਨ। ਅਸੀਂ ਦੇਖਿਆ ਹੈ ਜਿਸ ਵਾਦਨ ਨੂੰ ਗਾਇਕੀ ਦਾ ਗਿਆਨ ਹੈ ਉਹ ਵਾਦ ਤੇ ਬਹੁਤ ਹੀ ਛੇਤੀ ਪ੍ਰਸਿੱਧੀ ਪ੍ਰਾਪਤ ਕਰਦਾ ਹੈ। ਇਕ ਚੰਗਾ ਵਾਦਕ ਉਹ ਹੀ ਹੈ ਜਿਹੜਾ ਦੂਜਿਆਂ ਦੇ ਸਾਹਮਣੇ ਆਪਣੀ ਕਲਾ ਦਾ ਪ੍ਰਦਰ ਨ ਚੰਗੀ ਤਰ੍ਹਾਂ ਕਰ ਸਕੇ। ਇਕ ਚੰਗੇ ਵਾਦਨ ਨੂੰ ਚਾਹੀਦਾ ਹੈ ਕਿ ਠੀਕ ਮੁਦਰਾਂ ਵਿੱਚ ਬੈਠਕੇ ਸਾਜ ਵਜਾਵੇ, ਸੁਰ ਲੈਅ ਤਾਲ ਨੂੰ ਸਮਝਦਾ ਹੋਵੇ। ਇਕ ਆਮ ਵਾਦਕ ਸਰੋਤਾਵਾਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ ਜੇਕਰ ਉਸ ਨੂੰ ਤਾਲ, ਲੈਅ ਦਾ ਗਿਆਨ ਹੋਵੇ। ਕਈ ਵਾਰ ਚੰਗੇ ਤੋਂ ਚੰਗਾ ਵਾਦਕ, ਆਪਣੇ ਭਦੇ ਅੰਗ ਸੰਚਾਲਨ ਕਰਕੇ, ਦੋ ਪੁਰ  ਮੁਦਰਾ ਕਰੇ ਆਪਦੀ ਕਲਾ ਦਾ ਪ੍ਰਭਾਵ ਾਲੀ ਢੰਗ ਨੂੰ ਸਰੋਤਿਆਂ ਦੇ ਸਾਹਮਦੇ ਪੇ  ਕਰਨ ਵਿੰਚ ਸਫਲ ਨਹੀਂ ਹੁੰਦਾ। ਇਸ ਲਈ ਇਕ ਵਾਦਕ ਨੂੰ ਵਿਹਲਾਂ ਗੁਣ ਤੇ ਦੋ ਾਂ ਦੀ ਜਾਣਕਾਰੀ ਹੋਦੀ ਜਰੂਰੀ ਹੈ ਜਿਸ ਨਾਲ ਵਿਦਿਆਰਥੀ ੁਰੂ ਤੋਂ ਹੀ ਦੇ ਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਨਾ ਸਕਦ। ਇਕ ਚੰਗੇ ਵਾਦਕ ਵਿੱਚ ਹੇਠ ਲਿਖੇ ਗਣ ਹੋਦੇ ਚਾਹੀਦੇ ਹਨ।

1. **ਚੰਗਾ ਸੰਗੀਤਕਾਰ :** ਇਕ ਵਾਦਕ ਨੂੰ ਗਾਇਕੀ ਅੰ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨਹੀ ਉਸ ਨੂੰ ਚੰਗਾ ਸੰਗੀਤਕਾਰ ਬਣਨ ਲਈ ਇਹ ਗੁਣ ਅਪਨਾਣਾ ਚਾਹੀਦਾ ਹੈ।

2. **ਵਾਦ ਵਿੱਚ ਸੁਰੀਲਾਪਨ:** ਵਾਦਕ ਜਿਹੜਾ ਵੀ ਵਾਦ ਵਜਾ ਰਿਹਾ ਹੋਵੇ ਉਸ ਨੂੰ ਪੂਰੀ ਤਰਾਂ ਸੁਰ ਕੀਤਾ ਹੋਣਾ ਚਾਹੀਦਾ ਤਾਂ ਜੋ ਵਾਦ ਵਿੱਚ ਮਧੁਰਤਾ ਤੇ ਸੁਰੀਲਾਪਨ ਹੋਵੇ।

3. **ਲੈਅ ਤੇ ਤਾਲ ਦਾ ਗਿਆਨ :** ਵਾਦਨ ਨੂੰ ਭਿੰਨ-ਭਿੰਨ ਅੰਸ, ਅਲਾਪ, ਜੋੜ ਅਲਾਪ, ਤੋੜੇ, ਵਾਦੀ, ਸੰਵਾਦੀ, ਸਿਆਸ ਇਹਨਾਂ ਸਾਰਿਆਂ ਦਾ ਪ੍ਰਦਰ ਨ ਲੈਅ ਤੇ ਤਾਲ ਦਾ ਪੂਰਾ ਗਿਆਨ ਹੋਵੇ।

4. **ਹੱਕ ਦਾ ਰੱਖ ਰਖਾਵ** : ਵਾਟਕ ਜਿਹੜਾ ਵੀ ਵਾਦ ਵਜਾ ਰਿਹਾ ਹੈ ਉਸ ਦੀਆਂ ਉਗਲੀਆਂ ਤਾਂਗ ਤੇ ਠੀਕ ਤਰਾਂ ਰੱਖੀਆਂ ਹੋਣ, ਵਾਦ ਤੇ ਠੀਕ ਹੱਕ ਰੱਖਣ ਤੇ ਵਾਦ ਬਹੁਤ ਹੀ ਸੁਰੀਲਾ ਵਜਦਾ ਹੈ।

5. **ਾ ਾਂ ਦੀਆਂ ਆਵਾਜ** : ਵਾਦਕ ਦੇ ਸਾ ਾਂ ਦੀਆਵਜ ਗੁੰਝਦਾਰ, ਗੰਭੀਰ, ਸਥਿਰ ਹੋਣੀ ਚਾਹੀਦੀ ਹੈ।

6. **ਰਾਗ ਦੇ ਨਿਯਮਾਂ ਦਾ ਗਿਆਨ** : ਵਾਦਨ ਕਰਦੇ ਸਮੇਂ ਵਾਦਨ ਜੋ ਵਜਾ ਰਿਹਾ, ਉਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਜਿਵੇਂ ਕਿਹੜਾ ਰਾਗ ਕਿਹੜੇ ਸਮੇ ਂ ਵਜਾਣ, ਉਸ ਦੇ ਮਿਆਸ ਦੇ ਸੁਰਾ ਅਨੁਸਾਰ ਪ੍ਰਸਤੂਤੀ।

7. **ਵਾਦਨ ਦੀਆਂ ਕ੍ਰਿਆਵਾਂ**: ਵਾਦਕ ਨੂੰ ਵਾਦਨ ਦੀਆਂ ਕ੍ਰਿਆਵਾਂ, ਮੀਂਝ, ਗਮਕ, ਕਣ, ਦਰਿਭਨ ਆਦਿ ਵਜਾਉਣ ਵਿੱਚ ਪੂਰੀ ਨਿਪੁ ਨਤਾ ਹੋਵੇ।

8. **ਅਭਿਆਸ** : ਇਕ ਵਾਦਕ ਨੂੰ ਹਰ ਰੋਜ ਆਪਣੇ ਸਾਜ ਤੇ ਭਿੰਨ ਵਾਦਨ ੈਲੀਆਂ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਜਿਸ ਨਾਲ ਉਸ ਦੀ ਸਾਜ ਵਿੱਚ ਨਿਖਾਰਤਾ ਆ ਸਕੇ।

9. **ਸਰੋਤਾਵਾਂ ਦੀ ਰੂਚੀ ਅਨੁਸਾਰ ਕਲਾ ਦਾ ਪ੍ਰਦਰ ਨ** : ਜੋ ਸਰੋਤਾਵਾਦੀ ਇੱਛਾ ਅਨੁਸਾਰ ਵਾਦਨ ਕਰਨ ਦੀ ਤਤਪਰ ਹੋਵੇ ਅਤੇ ਉਸ ਦੇ ਸਾਜ ਦੀ ਪ੍ਰਦਰ ਨੀ ਸਮੇਂ ਸਰੋਤਾ ਵਾਰ ਵਾਰ ਕਹਿ ਉਠਣ

10. **ਵਿਧੀ ਵਿਦਾਨ ਨਾਲ ਸਿੱਖਿਆ ਪ੍ਰਾਪਤ ਕਰਨੀ** : ਇਕ ਕੁ ਲ ਵਾਦਕ ਆਪਣੀ ਕਲਾ ਦਾ ਪ੍ਰਦਰ ਨ ਚੰਗੀ ਤਰਾਂ ਤਾਂ ਹੀ ਕਰ ਸਕਦਾ ਹੈ ਜੇਕਰ ਉਸ ਨੂੰ ਕਿਸੇ ਗੁਰੂ ਜਾਂ ਕਿਸੀ ਅਧਿਆਪਕ ਤੋਂ ਵਿਧੀ ਪੂਰਵਕ ਸਿੱਖਿਅ ਲਈ ਹੋਵੇ।

11. **ਸਾਧਕ ਹੋਣਾ ਜਰੂਰੀ** : ਵਾਦਕ ਸਾਧਨਾ ਕਰਨ ਵਾਲਾ ਹੋਵੇ ਅਤੇ ਹਰ ਸਮੇਂ ਸਿੱਖਣ ਦੀ ਲਾਲਸਾ ਰੱਖਦਾ ਹੋਵੇ।

**ਦੋ** :- ਜਿਸ ਵਾਟਕ ਵਿੱਚ ਉਪਰ ਦਰਸਾਏ ਗੁਣ ਨਾ ਹੋਣ ਉਹ ਉਸ ਦੇ ਦੋ ਹੁੰਦੇ ਹਨ।

1. ਵਾਦ ਦੀ ਸੁਰੀਲਾਪਨ ਤੇ ਮਧੁਰਤਾ ਨਾ ਹੋਣੀ
2. ਲੈਅ ਤੇ ਤਾਲ ਤੇ ਨਿਰੰਤਰ ਨਾ ਹੋਣਾ ਪਾਵ ਬੇਤਾਲਾ ਹੋਣਾ

3. ਵਾਦਨ ਕਰਦੇ ਸਮੇਂ ਸਾਜ ਤੇ ਉਗਲੀਆਂ ਦਾ ਰੱਖ ਰਖਾਵ ਠੀਕ ਨਾ ਹੋਣਾ

4. ਵਾਦਨ ਕਰਦੇ ਸਮੇਂ ਭੈੜੀ ਹਰਕਤਾ ਕਰਨਾ ਜਿਸ ਦਾ ਸਰੋਤਾਵਾਂ ਤੇ ਬੁਰਾ ਪ੍ਰਭਾਵ ਪੈਣਾ।

5. ਵਾਦ ਦੀ ਆਵਾਜ ਠੀਕ ਜਗ੍ਹਾ ਤੇ ਪਹੁੰਚਣ ਤੋਂ ਪਹਿਲਾਂ ਹੀ ਬੰਦ ਹੋ ਜਾਣੀ।

6. ਸਾਜ ਵਜਾਉਦੇ ਤਾਰਾ ਦੀ ਝੰਨਕਾਰ ਜਿਆਦਾ ਸੁਣਨੀ। ਤਾਰਾ ਨੂੰ ਜਿਆਦਾ ਕੰਪਾਨਾ।

7. ਡਰਦੇ, ਆਤਮ ਵਿ ਵਾ ਖੋ ਕੇ ਜਲਦੀ ਜਲਦੀ ਾਜ ਵਜਾਉਣਾ

8. ਗੀਤ, ਗਮਕਾ, ਮੀਂਝ ਦੀ ਠੀਕ ਵਰਤੋਂ ਨਾ ਕਰਨੀ।

9. ਛਾਇਆ ਲਗ, ਮਿ ਰਿਤ ਰਾਗਾਂ ਦਾ ਅਨਉਪਯੁਕਤ ਪ੍ਰਯੋਗ ਕਰਕੇ ਵਜਾਉਣਾ।

10. ਸਾਜ ਸਰੋਤਾਵਾਂ ਦੀ ਰੁਚੀ ਮੁਤਾਬਕਿ ਨਾ ਵਜਾਉਣਾ

12. ਜਿਸ ਨੂੰ ਰਾਗਾਂ ਦੀ ਪੂਰੀ ਜਾਣਕਾਰੀ ਨਾ ਹੋਣੀ।

ਪਾਠ-8

# ਥਾਟ ਅਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾ

### ਰਾਗ ਦੀ ਪਰਿਭਾ ਾ

ਘੱਟ ਤੋਂ ਘੱਟ ਪ ਜ ਅਤੇ ਵੱਧ ਤੋਂ ਵੱਧ ਸਤ ਸਵਰਾਂ ਦੀ ਉਹ ਸੁੰਦਰ ਰਚਨਾ ਜਿਹੜੀ ਕੰਨਾ ਨੂੰ ਚੰਗੀ ਲਗੇ ਉਸ ਨੂੰ ਰਾਗ ਕਹਿੰਦੇ ਹਨ। ਅਭਿਨਵਰਾਗ ਗੰਜਰੀ ਵਿੱਚ ਇਸ ਦੀ ਪਰਿਭਾ ਾ ਇਸ ਤਰ੍ਹਾਂ ਦਿੱਤੀ ਗਈ ਹੈ, ਸਵਰ ਅਤੇ ਵਰਣ ਨਾਲ ਸਜੀ ਧਵਨੀ ਜਿਹੜੀ ਮਨੁੱਖ ਦਾ ਮਨੋਰੰਜਨ ਕਰੇ ਰਾਗ ਕਹਲਾਉਂਦੀ ਹੈ।

### ਥਾਟ ਦੀ ਪਰਿਭਾ ਾ

ਸਪਤਕ ਦੇ 12 ਸਵਰਾਂ ਵਿੱਚੋਂ ਸਤ ਕ੍ਰਮਵਾਰ ਮੁੱਖ ਸਵਰਾ ਦੇ ਉਸ ਸਵਰ ਸਮੂਹ ਨੂੰ ਥਾਟ ਕਹਿੰਦੇ ਹਨ ਜਿਸ ਤੋਂ ਥ ਪੈਦਾ ਹੁੰਦੇ ਹੋਣ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ। ਅਭਿਨਵ ਰਾਗ ਮ ਜਰੀ ਵਿੱਚ ਇਸ ਦੀ ਪਰਿਭਾ ਾ ਇਸ ਤਰ੍ਹਾਂ ਦਿੱਤੀ ਗਈ ਹੈ। ! ਮੇਲ ਜਾਂ ਥਾਟ ਸਵਰਾਂ ਦੇ ਉਸ ਸਮੂਹ ਨੂੰ ਕਹਿਦੇ ਹਨ, ਜਿਸ ਵਿੱਚ ਰਾਗ ਪੈਦਾ ਕਰਨ ਦੀ ਕਤੀ ਹੋਵੇ।

## ਰਾਗ ਅਤੇ ਥਾਟ ਦੇ ਨਿਯਮਾਂ ਦੀ ਤੁਲਨਾ

| ਰਾਗ ਦੇ ਨਿਯਮ | ਥਾਟ ਦੀ ਪਰਿਭਾ ਾ |
|---|---|
| 1. ਰਾਗ ਦੀ ਉਤਪਤੀ ਥਾਟ ਤੋਂ ਹੁੰਦੀ ਹੈ। | 1. ਥਾਟ ਦੀ ਉਤਪਤੀ ਸਪਤਕ ਦੇ ਸਤ ਸਵਰ ਤੋਂ ਹੁੰਦੀ ਹੈ। ਇਨ੍ਹਾਂ ਸਵਰਾਂ ਵਿੱਚ ਕਿਸੇ ਸਵਰ ਦਾ_ਧ ਜਾਂ ਵਿਕਰਿਤ ਰੂਪ ਪ੍ਰਯੋਗ ਹੋ ਸਕਦਾ ਹੈ। |
| 2. ਰਾਗ ਵਿੱਚ ਘੱਟ ਤੋਂ ਘਟ ਪ ਜ ਸਵਰ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ ਇਸ ਤੋਂ ਘਟ ਜਾਂ ਵੱਧ ਨਹੀਂ। | 2. ਹਰੇਕ ਥਾਟ ਵਿੱਚ ਘਟ ਤੋਂ ਘੱਟ ਅਤੇ ਵੱਧ ਤੋਂ ਵੱਧ ਸਤ ਸਵਰ ਹੀ ਹੋਣੇ ਚਾਹੀਦੇ ਹਨ। ਕਿਉਂਕਿ ਜੇਕਰ ਥਾਟ ਸਮਪੂਰਣ (ਸਤ ਸਵਰ ਨਹੀਂ ਰਹਿੰਦਾ ਤਾਂ ਉਹ ਸਮਪੂਰਣ ਰਾਗ ਦੀ ਉਤਪਤੀ ਨਹੀਂ ਕਰ ਸਕੇਗਾ। |

## ਰਾਗ ਦੇ ਨਿਯਮ

3. ਕਿਸੇ ਵੀ ਰਾਗ ਵਿੱਚ ੜਜ ਸ ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ (keynote ) ਹੁੰਦਾ ਹੈ।

4. ਰਾਗ ਵਿੱਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ੂਰੀ ਮ ਨਿਆ ਗਿਆ ਹੈ। ਸਿਰਫ ਆਰੋਹ ਤੋਂ ਰਾਗ ਦੀ ਪਹਿਚਾਨ ਨਹੀਂ ਹੋ ਸਕਦੀ।

5. ਹਰੇਕ ਰਾਗ ਵਿੱਚ ਮ ਅਤੇ ਪ (ਮਧਮ ਅਤੇ ਪੰਜਮ) ਵਿੱਚੋਂ ਘੱਟੋ ਘੱਟ ਇਕ ਸਵਰ ਦਾ ਹੋਦਾ ਜਰੂਰੀ ਹੈ। ਦੋਵੇਂ ਸਵਰ ਇਕਠੇ ਕਦੇ ਵੀ ਵਰਜਿਤ ਨਹੀਂ ਹੋ ਸਕਦੇ। ਜੇਕਰ ਪ ਦੇ ਨਾਲ_ਧ ਮ ਵੀ ਵਰਜਿਤ ਹੈ ਤਾਂ ਉਸ ਰਾਗ ਵਿੱਚ ਤੀਵਰ ਮ ਲਗੇਗਾ।

6. ਰਾਗ ਵਿੱਚ ਕਿਸੇ ਵੀ ਸਵਰ ਦੇ ਦੋਵੇ .ਰੂਪ ਇੱਕਠੇ ਪ੍ਰਯੋਗ ਨਹੀਂ ਹੋਣੇ ਚਾਹੀਦੇ ਜਿਵੇਂ ਕੋਮਲ ਰੇ ਅਤੇ_ੱਘ ਰੇ ਜਾਂ ਕੋਮਲ ਗ ਅਤੇ_ਧ ਗ ਦੋਵੇਂ ਇਕ ਰਾਗ ਵਿੱਚ ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ ਪਰ ਇਹ ਸੰਭਵ ਹੈ ਕਿ ਆਰੋਹ ਵਿੱਚ_ੱਧ ਪ੍ਰਯੋਗ ਕੀਤਾ ਜਾਵੇ ਅਤੇ ਅਵਰੋਹ ਵਿੱਚ ਕੋਮਲ ਸਵਰ ।

## ਥਾਟ ਦੀ ਪਰਿਭਾ ਾ

3.ਕਾਟ ਸਮਪੂਰਣ ਹੋਣੇ ਚਾਹੀਦੇ ਹਨ ਅਤੇ ਸਵਰ ਵੀ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ।

4. ਕਿਸੇ ਵੀ ਥਾਟ ਵਿੱਚ ਆਰੋਹ–ਅਵਰੋਹ ਦੋਹਾਂ ਦਾ ਹੋਣਾ ੂਰੀ ਨਹੀਂ ਹੈ। ਕਿਉਂਕਿ ਹਰੇਕ ਥਾਟ ਦੇ ਆਰੋਹ–ਅਵਰੋਹ ਵਿੰਚ ਕੋਈ ਫਰਕ (ਅੰਤਰ) ਨਹੀਂ ਹੁੰਦਾ ਸਿਰਫ ਆਰੋਹ ਜਾਂ ਅਵਰੋਹ ਦੇਖਣ ਤੋਂ ਹੀ ਥਾਟ ਦਾ ਪਤਾ ਲੱਗ ਜਾਂਦਾ ਹੈ।

5. ਥਾਟ ਵਿੱਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ।

6. ਥਾਟ ਵਿੱਚ ਇਸ ਤਰਾਂ ਦਾ ਕੋਈ ਨਿਯਮ ਨਹੀਂ ਹੈ। ਕਿਉਂਕਿ ਥ ਗਾਏ ਵਜਾਏ ਨਹੀਂ ਜਾਂਦੇ।

## ਰਾਗ ਦੇ ਨਿਯਮ

7. ਰਾਗ ਵਿੱਚ ਆਰੋਹ ਅਤੇ ਅਵਰੋਹ ਦੇ ਸਵਰਾਂ ਦੀ ਗਿਣਤੀ ਵਿੱਚ ਭਿੰਨਤਾ ਕਾਰਣ ਰਾਗ ਦੀਆਂ ਸੁਖ ਤਿੰਨ ਜਾਤੀਆਂ ਅਤੇ ਨੌਂ ਉਪ ਜਾਤੀਆਂ ਹੁੰਦੀਆਂ ਹਨ।

8. ਹਰੇਕ ਰਾਗ ਵਿੱਚ ਆਰੋਹ ਅਵਰੋਹ, ਪਕੜ, ਸਮਾਂ, ਵਾਦੀ ਸਮਵਾਦੀ ਦਾ ਹੋਣਾ ਰੂਰੀ ਹੈ।

9. ਰਾਗ ਵਿੱਚ ਰੰਜਕਤਾ ਦਾ ਹੋਣਾ ਰੂਰੀ ਹੈ।

10. ਰਾਗ ਥਾਟ ਤੋਂ ਉਤਪੰਨ (ਪੈਦਾ) ਹੁੰਦੇ ਹਨ ਪਰ ਰਾਗ ਦਾ ਨਾਂ ਸੁਤੰਤਰ ਹੁੰਦੇ ਹੈ, ਭਾਵ ਰਾਗ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ।

11. ਹਰੇਕ ਰਾਗ ਕਿਸੀ ਨ ਕਿਸੀ ਥਾਟ ਤੋਂ ਪੈਦਾ ਮ ਨੇ ਗਏ ਹਨ ਹਿਸ ਲਈ ਹਰ ਰਾਗ ਨੂੰ ਜੰਨਿਆ ਰਾਗ ਕਿਹਾ ਜਾਂਦਾ ਹੈ। ਜੰਨਿਆ ਦਾ ਅਰਥ ਹੈ, ਜੋ ਪੈਦਾ ਹੋਇਆ ਹੋਵੇ।

12. ਥਾਂਟਾ ਦੇ ਅਨੁਸਾਰ ਆਰੋਹ – ਅਵਰੋਹ ਕਰਨ ਤੋਂ ਗਣਿਤ ਦੇ ਆਧਾਰ ਤੇ 34848 ਰਾਗ ਦੀ ਉਤਪਤੀ ਹੋ ਸਕਦੀ ਹੈ। ਪਰ ਅਜਕਲ ਪ੍ਰਚਾਰ ਵਿੱਚ ਸਿਰਫ 150–,200 ਰਾਗ ਹੀ ਹਨ।

## ਥਾਟ ਦੀ ਪਰਿਭਾ ਾ

7. ਥਾਟ ਦੀਆਂ ਕੋਈ ਜਾਤੀਆਂ ਨਹੀਂ ਹੁੰਦੀਆਂ।

8. ਥਾਟ ਗਾਏ–ਵਜਾਏ ਨਹੀਂ ਜਾਂਦੇ ਇਸ ਕਾਰਦ ਸਮਾਂ, ਪਕੜ ਆਦਿ ਦੀ ਹਰੁਤ ਨਹੀਂ ਹੈ।

ਇਨ੍ਹਾਂਚਰੰਜਕਤਾ ਦੀ ਲੋੜ ਨਹੀਂ। ਕਿਉਂਕਿ ਇਹ ਗਾਏ–ਵਜਾਏ ਨਹੀਂ ਜਾਂਦੇ।

ਕਾਟ ਦਾ ਨਾਮ ਕਰਣ ਉਸਤੋਂ ਨਿਕਲੇ ਕਿਸੀ ਪ੍ਰਸਿੱਧ ਰਾਗ ਦੇ ਨਾਮ ਤੇ ਕੀਤਾ ਜਾਂਦਾ ਹੈ।

ਹਰੇਕ ਰਾਗ ਕਿਸੀ ਨ ਕਸਿੀ ਥਾਟ ਤੋਂ ਪੈਦਾ ਮ ਨਿਆ ਗਿਆ ਹੈ ਇਸ ਲਈ ਹਰੇਕ ਥਾਟ ਨੂੰ ਜਨਕ ਥਾਟ ਕਿਹਾ ਜਾਂਦਾ ਹੈ। ਜਨਕ ਦਾ ਅਰਥ ਹੈ ਪਿਤਾ ਜਿਨ੍ਹਾਂ ਥਾਟਾਂ ਤੋਂ ਰਾਗ ਪੈਦਾ ਹੋਏ ਹੋਣ।

12. ਸਪਤਕ ਦੇ_ਧ ਅਤੇ ਵਿਕਸ ਸਵਰਾਂ ਤੋਂ ਗਣਿਤ ਦੇ ਆਧਾਰ ਤੇ ਥਾਟਾਂ ਦੀ ਉਤਪਤੀ ਹੋ ਸਕਦੀਹੈ ਹਿੰਦੁਸਤਾਨੀ ਸੰਗੀਤ ਪਧਤੀ ਵਿੱਚ ਇਹ ਥਾਟਾ ਵਿਚੋਂ ਕੁਝ ਕਾਟਾ ਦਾ ਹੀ ਪ੍ਰਚਲਨ ਹੈ।

ਪਾਠ-9

# ਪੰਜਾਬ ਦੇ ਲੋਕਸਾਜ਼

ਸਾਡਾ ਸਮੁੱਚਾ ਸੰਗੀਤ ਸਾਜਾ ਦੇ ਸਹਿਯੋਗ ਨਾਲ ਅੱਗੇ ਤੁਰ ਹੈ। ਪੰਜਾਬ ਪ੍ਰਾਂਤ ਇਸ ਤਰ੍ਹਾਂ ਦਾ ਪ੍ਰਾਂਤ ਹੈ ਜਿਥੇ ਕਈ ਤਿਉਹਾਰ ਜਿਵੇਂ ਵਿਸਾਖੀ,ਲੋਹੜੀ,ਬਸੰਤਰੁੱਤ ਦਾ, ਵਿਆਹ ਸ਼ਾਦੀਆਂ ਤੇ ਗਾਏ ਜਾਣ ਵਾਲੇ ਗੀਤ, ਖ਼ੁਸ਼ੀ ਤੇ ਪਾਏ ਜਾਣ ਵਾਲੇ ਲੋਕ ਨਾਚ ਜਿਵੇਂ ਗਿੱਧਾ, ਭੰਗੜਾ,ਮਲਵਈ ਗਿੱਧਾ,ਲੁਡੀ, ਗੁਰਦੁਆਰਿਆਂ ਤੇ ਮੰਦਰਾਂ ਵਿੱਚ ਉਚਾਰਨ ਕੀਤੇ ਜਾਣ ਵਾਲੇ ਸ਼ਬਦ, ਭਜਨ, ਪੰਜਾਬ ਦੀਆਂ ਪ੍ਰਸਿੱਧ ਲੋਕ ਕਥਾਵਾਂ ਜਿਵੇਂ ਹੀਰ ਰਾਂਝਾ, ਸੱਸੀ ਪੁਨੂੰ,ਮਲਕੀ ਆਦਿ ਇਹਨਾਂ ਸਾਰਿਆਂ ਨਾਲ ਭਿੰਨ ਭਿੰਨ ਤਰ੍ਹਾਂ ਦੇ ਲੋਕ ਸਾਜ਼ ਲੈਅ ਤੇ ਤਾਲ ਦੇਣ ਲਈ ਵਰਤੇ ਜਾਂਦੇ ਹਨ। ਇਹ ਸਾਰੇ ਲੋਕ ਸਾਜ਼ਾ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਪੰਜਾਬ ਪ੍ਰਾਂਤ ਵਿੱਚ ਵੀ ਚਾਰ ਤਰ੍ਹਾਂ ਦੇ ਸਾਜ਼ ਵਰਤੇ ਜਾਂਦੇ ਹਨ ਅਤੇ ਇਹਨਾਂ ਦੇ ਬਹੁਤ ਪ੍ਰਚਲਨ ਵੀ ਹੈ। ਜਿਸ ਵਿੱਚ ਸਿਤਾਰ,ਵੀਣਾ,ਸਾਰੰਗੀ ਤੱਤ ਵਾਦ ਜਾਂ ਤੰਡੀ ਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਇਨ੍ਹਾਂ ਸਾਜਾ ਦਾ ਪ੍ਰਯੋਗ ਗਜ਼ ਜਾਂ ਕਿਸੀ ਹੋਰ ਚੀਜ਼ ਨਾਲ ਤਾਰ ਕੇ ਕੀਤਾ ਜਾਂਦਾ ਹੈ। ਦੂਜੀ ਸ਼੍ਰੇਣੀ ਹੈ ਅਵਨਦ ਵਾਦ, ਇਸ ਸ਼੍ਰਣੀ ਵਿੱਚ ਚਮੜੇ ਦੀ ਖਲ ਤੋਂ ਮੜੇ ਸਾਜ਼ਾਂ ਦੀਆਂ ਹੈ ਜਿਵੇਂ ਢੋਲ, ਢੋਲਕੀ,ਤਬਲਾ,ਢੰਡ ਆਦਿ। ਤੀਸਰੀ ਸ਼੍ਰੇਣੀ ਵਿੱਚ ਸੁਸ਼ਿਰਵਾਦ ਆਉਂਦੇ ਹਨ। ਇਨ੍ਹਾਂ ਵਾਦਾਂ ਵਿੱਚ ਹਵਾ ਭਰਨ ਤੇ ਧੁੰਨੀ ਪੈਦਾ ਕਰਦੇ ਹਨ ਭਾਵੇਂ ਇਹ ਹਵਾ ਮੂੰਹ ਨਾਲ ਭਰੀ ਜਾਵੇ ਜਾਂ ਹੱਥ ਦਾ ਪ੍ਰਯੋਗ ਕਰਕੇ ਜਿਵੇਂ ਬੰਸੂਰੀ ਹਰਮੋਨੀਅਮ,ਸ਼ਹਿਨਾਈ,ਬੀਨ ਆਦਿ ਚੌਥੀ ਸ਼੍ਰੇਣੀ ਵਿੱਚ ਘੱਨਵਾਦ ਆਉਂਦੇ ਹਨ ਜੋ ਆਪਸੀ ਰਗੜ ਤੋਂ ਵਜਦੇ ਹਨ ਜਿਵੇਂ ਖੜਤਾਲ,ਚਿਮਟਾ,ਮੰਜੀਰਾਂ ਛੁਣਛੁਣਾ ਆਦਿ। ਇਨ੍ਹਾਂ ਚਾਰੋਂ ਸ਼੍ਰੇਣੀ ਦੇ ਲੋਕਸਾਜ਼ਾਂ ਨਾਲ ਹੀ ਪੰਜਾਬ ਪ੍ਰਾਂਤ ਦਾ ਸੰਗੀਤ ਅੱਗੇ ਤੁਰਦਾ ਹੈ। ਇਸ ਲਈ ਇਨ੍ਹਾਂ ਸਾਜ਼ਾਂ ਨੂੰ ਪਰੰਪਰਿਕ ਢੰਗ ਨਾਲ ਵਜਾਇਆ ਜਾਂਦਾ ਹੈ। ਪੰਜਾਬ ਪ੍ਰਾਂਤ ਵਿੱਚ ਵਰਤੇ ਜਾਂਦੇ ਕੁੱਝ ਲੋਕ ਸਾਜ਼ਾ ਬਾਰੇ ਅਸੀਂ ਗੱਲ ਕਰਾਂਗੇ ਜੋ ਹੇਠ ਲਿਖੇ ਹਨ।

1. **ਢੋਲ** : ਪੰਜਾਬ ਦੇ ਲੋਕ ਸਾਜ਼ਾਂ ਵਿੱਚੋਂ ਢੋਲ ਬਹੁਤ ਹੀ ਮਹੱਤਵਪੂਰਨ ਸਾਜ਼ ਹੈ। ਇਹ ਸਾਜ਼ ਅਵਨਦ ਸਾਜ਼ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਜਿਥੇ ਢੋਲ ਵੀਰਤਾ ਦਾ ਪ੍ਰਤੀਕ ਹੈ ਉੱਥੇ ਸਮਾਜਿਕ ਜੀਵਨ ਵਿੱਚ ਵੀ ਉਤਸਾਹ ਦਾ ਪ੍ਰਤੀਕ ਹੈ। ਇਸਦਾ ਪ੍ਰਯੋਗ ਲੋਕਗੀਤ, ਲੋਕਨਾਚ, ਭੰਗੜਾ, ਗਿੱਧਾ, ਮਲਵਈ ਗਿੱਧਾ, ਲੁੱਡੀ, ਅਖਾੜਿਆਂ, ਗੱਤਕੇ ਨਾਲ ਬਹੁਖ਼ੂਬੀ ਕੀਤਾ ਜਾਂਦਾ ਹੈ। ਜਦੋਂ ਇਹ ਸਾਜ ਵਜਦਾ ਹੈ ਤਾਂ ਆਪ ਮੁਹਾਰੇ ਹੀ ਪੈਰ ਧਿਰਕਣ ਲੱਗ ਜਾਂਦੇ ਹਨ ਅਤੇ ਮੋਡੇ ਫਰਕਣ ਲੱਗ ਜਾਂਦੇ ਹਨ। ਢੋਲ

ਅੰਦਰ ਤੋਂ ਖੋਖਾ ਹੁੰਦਾ ਹੈ ਅਤੇ ਇਹ ਲਕੜੀ ਦਾ ਬਣਿਆ ਹੁੰਦਾ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ, ਸੱਜਾ ਅਤੇ ਖੱਬਾ। ਇਹ ਦੋਵੇਂ ਹਿੱਸੇ ਬਕਰੇ ਦੀ ਖੱਲ ਨਾਲ ਮੜ੍ਹੇ ਹੁੰਦੇ ਹਨ। ਚਮੜੇ ਨੂੰ ਕਸਣ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਸੱਜੇ ਪਾਸੇ ਦੇ ਢੋਲ ਨੂੰ ਉੱਚ ਸਵਰ ਵਿੱਚ ਅਤੇ ਖੱਬੇ ਪਾਸੇ ਦੇ ਢੋਲ ਨੂੰ ਨੀਵੇਂ ਸਵਰ ਨਾਲ ਮਿਲਾਇਆ ਜਾਂਦਾ ਹੈ। ਸਵਰ ਉੱਚਾ ਨੀਵਾਂ ਕਰਨ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿੱਚ ਛੱਲੇ ਪਾਏ ਜਾਂਦੇ ਹਨ। ਇਨਾਂ ਛੱਲਿਆਂ ਨੂੰ ਕਸਣ ਤੇ ਸਵਰ ਉੱਚਾ ਨੀਵਾਂ ਹੁੰਦਾ ਹੈ। ਢੋਲ ਨੂੰ ਰੱਸੀ ਨਾਲ ਪਰੋਕੇ ਮੋਢੇ ਤੇ ਰੱਸੀ ਨਾਲ ਲਟਕਾ ਕੇ ਲਕੜੀ ਜਾਂ ਬਾਂਸ ਦੀਆਂ ਝੜੀਆਂ ਨਾਲ ਵਜਾਇਆ ਜਾਂਦਾ ਹੈ। ਢੋਲ ਦੇ ਖੱਬੇ ਪਾਸੇ ਹਾਕੀ ਦੀ ਸ਼ਕਲ ਦੀ ਇੱਕ ਝੜ ਮਾਰੀ ਜਾਂਦੀ ਹੈ ਜਿਸਨੂੰ ਡਗਾ ਕਹਿੰਦੇ ਹਨ। ਢੋਲ ਤੇ ਕਹਿਰਵਾਤਾਲ, ਦਾਦਰਾ, ਭੰਗੜਾ ਤਾਲ ਆਦਿ ਵਜਾਈਆਂ ਜਾਂਦੀਆਂ ਹਨ।

2. **ਢੋਲਕੀ** : ਪੰਜਾਬ ਦੇ ਲੋਕ ਗੀਤਾਂ ਵਿੱਚ ਢੋਲਕੀ ਦਾ ਖਾਸ ਸਥਾਨ ਹੈ। ਪੰਜਾਬ ਦਾ ਕੋਈ ਵੀ ਅਜਿਹਾ ਲੋਕ ਗੀਤ ਨਹੀਂ ਜਿਸ ਨਾਲ ਇਹ ਸਾਜ ਨਾ ਵਜਦਾ ਹੋਵੇ। ਪੰਜਾਬ ਦਾ ਪ੍ਰਸਿੱਧ ਲੋਕਨਾਚ ਗਿੱਧਾ, ਵਿਆਹ ਸ਼ਾਦੀਆਂ ਤੇ ਗਾਏ ਜਾਣ ਵਾਲੇ ਲੋਕਗੀਤ, ਮੰਦਰਾਂ ਵਿੱਚ ਗਾਏ ਜਾਣ ਵਾਲੇ ਭਜਨ, ਜਗਰਾਤਿਆਂ ਵਿੱਚ ਗਾਏ ਜਾਣ ਵਾਲੇ ਭਜਨ,ਪ੍ਰਭਾਤਫੇਰੀਆਂ ਵਿੱਚ, ਗੁਰਦੁਆਰਿਆਂ ਵਿੱਚ ਸ਼ਬਦਾਂ ਦੇ ਨਾਲ ਇਸ ਸਾਜ਼ ਦੀ ਵਰਤੋਂ ਬਖੂਬੀ ਕੀਤੀ ਜਾਂਦੀ ਹੈ। ਢੋਲਕੀ ਸ਼ੀਸ਼ਮ, ਅੰਬ, ਸਾਗਵਾਨ, ਦੇਵਦਾਰ ਆਦਿ ਦੀ ਲਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸਦੇ ਦੋ ਹਿੱਸੇ ਹੁੰਦੇ ਹਨ- ਸੱਜਾ ਅਤੇ ਖੱਬਾ। ਇਨ੍ਹਾਂ ਦੋਹਾਂ ਪਾਸਿਆਂ ਤੇ ਬਕਰੇ ਦੀ ਖੱਲ ਮੜੀ ਜਾਂਦੀ ਹੈ ਅਤੇ ਸੂਤ ਦੀਆਂ ਰੱਸੀਆਂ ਵਿੱਚ ਪਿੱਤਲ ਜਾਂ ਲੋਹੇ ਦੇ ਛੱਲੇ ਢੋਲਕੀ ਨੂੰ ਕੱਸਣ ਜਾਂ ਢਿੱਲਾ ਕਰਨ ਲਈ ਲਗਾਏ ਜਾਂਦੇ ਹਨ। ਢੋਲਕੀ ਦੇ ਸੱਜੇ ਮੂੰਹ ਤੇ ਅੰਦਰ ਖਾਸ ਕਿਸਮ ਦਾ ਮਸਾਲਾ ਲਗਾਇਆ ਜਾਂਦਾ ਹੈ ਜਿਸ ਨਾਲ ਆਵਾਜ਼ ਭਾਰੀ ਨਿਕਲਦੀ ਹੈ। ਢੋਲਕੀ ਨੂੰ ਦੋਨੋਂ ਹੱਥਾਂ ਦੀਆਂ ਹਥੇਲੀਆਂ ਤੇ ਉਂਗਲੀਆਂ ਦੇ ਸਹਾਰੇ ਵਜਾਇਆ ਜਾਂਦਾ ਹੈ। ਕਈ ਵਾਰ ਵਾਦਕ ਇਸ ਨੂੰ ਹੋਰ ਰੋਚਕ ਬਣਾਉਣ ਲਈ ਅੰਗੂਠੇ ਵਿੱਚ ਛੱਲਾ ਜਾਂ ਗੁੱਟ ਤੇ ਘੁੰਘਰੂ ਬੰਨ ਲੈਂਦੇ ਹਨ ਜਦੋਂ ਢੋਲਕੀ ਵਜਦੀ ਹੈ ਤਾਂ ਛੱਲੇ ਤੇ ਘੰਘਰੂ ਦੀ ਆਵਾਜ਼ ਬਹੁਤ ਹੀ ਪ੍ਰਭਾਵਸ਼ਾਲੀ ਲਗਦੀ ਹੈ। ਢੋਲਕੀ ਦਾ ਪ੍ਰਯੋਗ ਲੋਕ ਗੀਤਾਂ, ਲੋਕ ਗਾਥਾਵਾਂ ਜਿਵੇਂ ਮਲਕੀ,ਮਿਰਜ਼ਾ ਸਾਹਿਬਾ, ਜੱਗਾ ਆਦਿ ਨਾਲ ਵਜਾਈ ਜਾਂਦੀ ਹੈ।

3. **ਢੱਡ**: ਇਸ ਸਾਜ਼ ਦਾ ਪ੍ਰਯੋਗ ਪੰਜਾਬ ਵਿੱਚ ਬਹੁਤ ਕੀਤਾ ਜਾਂਦਾ ਹੈ। ਇਹ ਸਾਜ਼ ਬਹੁਤ ਹੀ ਪ੍ਰਾਚੀਨ ਸਾਜ਼ਾਂ ਵਿੱਚੋਂ ਇੱਕ ਹੈ। ਇਹ ਡਮਰੂ, ਡਰੂ, ਡਿਮ ਡਿਮ ਆਦਿ

ਸਾਜ਼ਾ ਦੀ ਜਾਤੀ ਵਿੱਚੋਂ ਹੈ। ਇਸ ਸਾਜ਼ ਦੀ ਸੰਗਤਿ ਸਾਰੰਗੀ ਸਾਜ਼ ਨਾਲ ਜਿਆਦਾ ਕੀਤੀ ਜਾਂਦੀ ਹੈ। ਜਦੋਂ ਇਹ ਦੋਵੇਂ ਸਾਜ਼(ਢੱਡ ਅਤੇ ਸਾਰੰਗੀ) ਇੱਕਠੇ ਵਜਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਪੰਜਾਬ ਦੇ ਢਾਡੀ ਵਾਂਗ ਕਲੀਆਂ, ਕਿੱਸੇ, ਧਾਰਮਿਕ ਗਾਥਾਵਾਂ ਆਦਿ ਨਾਲ ਢੱਡ ਸਾਜ਼ ਵਜਾਇਆ ਜਾਂਦਾ ਹੈ। ਢੱਡ, ਅੰਬ, ਸ਼ਹਿਤੂਤ, ਟਾਲੀ ਜਾਂ ਸ਼ੀਸ਼ਮ ਦੀ ਲਕੜੀ ਤੋਂ ਬਣਾਈ ਜਾਂਦੀ ਹੈ। ਇਸ ਚਾ ਵਿਚਕਾਰਲਾ ਭਾਗ ਅੰਦਰ ਨੂੰ ਹੁੰਦਾ ਹੈ। ਇਸਦੇ ਦੋਹੋਂ ਮੂੰਹ ਗੋਲਾਈ ਵਿੱਚ ਹੁੰਦੇ ਹਨ ਜਿਸ ਉੱਤੇ ਚਮੜੇ ਦੇ ਪੁੜੇ ਚੜਾਏ ਜਾਂਦੇ ਹਨ। ਦੋਹਾਂ ਪਾਸਿਆਂ ਤੋਂ ਸੂਤ ਦੀ ਪਤਲੀ ਰੱਸੀ ਨਾਲ ਸਤ, ਅੱਠ ਥਾਵਾਂ ਤੋਂ ਬੰਨਿਆ ਜਾਂਦਾ ਹੈ। ਇਸ ਵਿੱਚ ਰੱਸੀ ਵਾਧੂ ਤੇ ਲੰਬੀ ਰੱਖੀ ਜਾਂਦੀ ਹੈ ਜਿਸ ਨੂੰ ਢੱਡ ਦੇ ਵਿਚਲੇ ਹਿੱਸੇ ਤੋਂ ਲਪੇਟ ਲਿਆ ਜਾਂਦਾ ਹੈ ਤੇ ਫਿਰ ਢੱਡ ਨੂੰ ਵਜਾਂਦੇ ਹੋਏ ਇਸ ਰੱਸੀ ਨੂੰ ਬਾਰ-ਬਾਰ ਖਿੱਚਿਆ ਜਾਂਦਾ ਹੈ ਤੇ ਢੱਡ ਢਿਲਾ ਕੀਤਾ ਜਾਂਦਾ ਹੈ। ਰੱਸੀ ਦੇ ਖਿੱਚੇ ਜਾਣ ਤੇ ਹੀ ਢੱਡ ਦੇ ਦੋਹਾਂ ਪਾਸਿਆਂ ਦਾ ਚਮੜਾ ਕਸਿਆ ਜਾਂਦਾ ਹੈ ਤੇ ਉਸ ਤੋਂ ਸੁਰ ਪੈਦਾ ਕੀਤਾ ਜਾਂਦਾ ਹੈ। ਵਾਦਕ ਇੱਕ ਹੱਥ ਵਿੱਚ ਢੱਡ ਨੂੰ ਫੜ ਕੇ ਤੇ ਦੂਜੇ ਹੱਥ ਦੀਆਂ ਉਂਗਲਾ ਨਾਲ ਇਸ ਨੂੰ ਵਜਾਉਂਦਾ ਹੈ ਤੇ ਬਾਰ-ਬਾਰ ਇਸਦੀ ਰੱਸੀ ਦੇ ਸਹਾਰੇ ਸੁਰ ਉੱਚਾ ਤੇ ਨੀਵਾਂ ਕਰਦਾ ਰਹਿੰਦਾ ਹੈ।

4 **ਸਾਰੰਗੀ** : ਜਿਵੇਂ ਸਾਰੰਗੀ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਸੌ ਰੰਗਾਂ ਵਾਲੀ। ਇਹ ਪੰਜਾਬ ਦਾ ਪ੍ਰਸਿੱਧ ਸਾਜ਼ ਹੈ। ਇਸ ਨੂੰ ਗੰਭੀਰ ਪ੍ਰਕਿਰਤੀ ਦਾ ਸਾਜ਼ ਮੰਨਿਆ ਗਿਆ ਹੈ। ਇਸ ਦਾ ਢੱਡ ਨਾਲ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦਾ ਪ੍ਰਯੋਗ ਵਾਰ, ਲੋਕ-ਗਾਥਾ, ਧਾਰਮਿਕ ਗਾਥਾਵਾਂ, ਸ਼ਾਸਤਰੀ ਸੰਗੀਤ, ਲੋਕ ਗੀਤਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿੱਚ ਸਾਰੰਗੀ ਨਾਲ ਤਬਲਾ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਲਕੜੀ ਨਾਲ ਘੜ ਕੇ ਬਣਾਇਆ ਜਾਂਦਾ ਹੈ ਜਿਸ ਉੱਤੇ ਚਮੜਾ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ ਤੇ ਊਂਠ ਦੀ ਹੱਡੀ ਦੀ ਘੋੜੀ ਟਿਕਾਈ ਜਾਂਦੀ ਹੈ। ਇਸ ਘੋੜੀ ਤੇ ਖੁਟਿਆਂ ਵੱਲੋਂ ਚਮੜੇ ਦੀਆਂ ਚਾਰ ਤਾਰਾਂ ਲਗਾਇਆ ਜਾਂਦੀਆਂ ਹਨ। ਸਾਰੰਗੀ ਨੂੰ ਕਮਾਨ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰਆਂ ਨਾਲ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਮਰਜ਼ੀ ਨਾਲ ਸੁਰ ਕੱਢੇ ਜਾਂਦੇ ਹਨ। ਇਸ ਸਾਜ਼ ਨੂੰ ਵਜਾਉਣਾ ਸੌਖਾ ਨਹੀਂ । ਇਸ ਦੇ ਸਵਰ ਅਭਿਆਸ ਨਾਲ ਹੀ ਕੱਢੇ ਜਾ ਸਕਦੇ ਹਨ। ਅੱਜ ਦੇ ਨੋਜਵਾਨ ਇਸ ਨੂੰ ਬਹੁਖੂਬੀ ਨਾਲ ਵਜਾ ਰਹੇ ਹਨ। ਅੱਜ ਦੇ ਪ੍ਰਸਿੱਧ ਸਾਰੰਗੀ ਵਾਦਕਾਂ ਵਿੱਚੋਂ ਮੋਹਨ ਸਿੰਘ ਸੀਤਲ, ਨਰਾਇਣ ਸਿੰਘ, ਦੀਦਾਰ ਸਿੰਘ, ਪਾਲ ਸਿੰਘ, ਅਰਮ ਸਿੰਘ ਆਦਿ।

5 **ਨਗਾੜਾ** : ਇਹ ਇਕ ਅਵਨਦ ਸਾਜ਼ ਹੈ। ਇਸ ਨੂੰ ਬਹੁਤ ਹੀ ਪ੍ਰਾਚੀਨ

ਸਾਜ਼ ਮੰਨਿਆ ਜਾਂਦਾ ਹੈ ਕਿਉਂਕੀ ਪਹਿਲਾ ਯੁੱਧਾ ਦੀ ਚਿਤਾਵਨੀ ਜਾ ਰਾਜੇ ਦੇ ਫੁਰਮਾਨ ਲਈ ਜਨਤਾ ਨੂੰ ਇੱਕਠਾ ਕਰਨ ਲਈ ਜਾਂ ਕੋਈ ਜਨਤਕ ਸੂਚਨਾ ਲਈ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਸਾਜ ਤਾਲ ਪ੍ਰਧਾਨ ,ਵੀਰਰਸ ਦਾ ਪ੍ਰਤੀਕ ਹੈ। ਪੰਜਾਬ ਵਿੱਚ ਗੁਰਦੁਆਰਿਆਂ ਵਿੱਚ ਜਾਂ ਧਾਰਮਿਕ ਸਮਾਰੋਹਾਂ ਵਿੱਚ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਖੋਲ ਲੋਹੇ ਦੇ ਧਾਤੂ ਤੋਂ ਬਣਿਆ ਹੁੰਦਾ ਹੈ ਅਤੇ ਇਸ ਦੇ ਉੱਪਰ ਮੱਝ ਦੀ ਖੱਲ ਮੜੀ ਹੁੰਦੀ ਹੈ। ਫਿਰ ਇਸ ਨੂੰ ਚਮੜੇ ਦੀ ਰੱਸੀ ਨਾਲ ਕਸ ਦਿੱਤਾ ਜਾਂਦਾ ਹੈ। ਇਸ ਤੇ ਵੀ ਸੂਤ ਦੀਆਂ ਅੱਠ ਤੋਂ ਦਸ ਬਦਰੀਆਂ ਮੜੀਆਂ ਜਾਂਦੀਆਂ ਹਨ। ਜਿਸ ਨਾਲ ਨਗਾੜੇ ਨੂੰ ਸੁਰ ਦਿੱਤਾ ਜਾਂਦਾ ਹੈ। ਨਗਾੜੇ ਨੂੰ ਤਪਾਈ ਤੇ ਰੱਖ ਕੇ ਦੋ ਡੰਡਿਆ ਨਾਲ ਵਜਾਇਆ ਜਾਂਦਾ ਹੈ।

6 **ਅਲਗੋਜ਼ਾ** : ਅਲਗੋਜ਼ੇ ਦਾ ਪੰਜਾਬ ਦੇ ਲੋਕ ਨਾਚਾਂ ਅਤੇ ਗੀਤਾਂ ਵਿੱਚ ਬਹੁਤ ਜਿਆਦਾ ਸਥਾਨ ਹੈ। ਲੋਕ ਨਾਚਾਂ ਅਤੇ ਗੀਤਾਂ ਵਿੱਚ ਇਹ ਸਾਜ਼ ਚਾਰ ਚੰਨ ਲਗਾ ਦਿੰਦਾ ਹੈ। ਅਲਗੋਜ਼ਾ, ਬੰਸੁਰੀ, ਸ਼ਹਿਨਾਈ ਦੀ ਜਾਤੀ ਵਿੱਚੋਂ ਹੈ। ਇਹ ਸਾਜ਼ ਖੋਖਲੇ ਬਾਂਸ ਤੋਂ ਬਣਾਇਆ ਜਾਂਦਾ ਹੈ। ਅਲਗੋਜ਼ੇ ਵਿੱਚ ਚਾਰ ਤੋਂ ਸੱਤ ਤੱਕ ਛੇਕ ਹੁੰਦੇ ਹਨ, ਉਪਰੋਂ ਇੱਕਠੀ ਫੂਕ ਮਾਰਨ ਤੋਂ ਦੋਹਾਂ ਅਲਗੋਜ਼ਿਆਂ ਵਿੱਚ ਧਵਨੀ ਪੈਦਾ ਹੁੰਦੀ ਹੈ। ਇਹ ਸਾਜ਼ ਦੋਹਾਂ ਹੱਥਾਂ ਤੋਂ ਫੜ ਕੇ ਵਜਾਇਆ ਜਾਂਦਾ ਹੈ। ਦੋਹਾਂ ਅਲਗੋਜ਼ਿਆਂ ਤੇ ਭਿੰਨ-ਭਿੰਨ ਉਂਗਲਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸਾਜ਼ ਨੂੰ ਸੁਤੰਤਰ ਰੂਪ ਵਿੱਚ ਵਜਾਇਆ ਜਾਂਦਾ ਹੈ। ਇਸ ਸਾਜ਼ ਦਾ ਸਵਰ ਬਹੁਤ ਉੱਚਾ ਹੁੰਦਾ ਹੈ। ਇਸ ਲਈ ਗਾਇਕ ਨੂੰ ਵੀ ਉੱਚੇ ਸਵਰ ਵਿੱਚ ਗਾਣਾ ਪੈਂਦਾ ਹੈ। ਇਸ ਉੱਤੇ ਰੰਗ ਬਿਰੰਗੇ ਧਾਗਿਆਂ ਦੀਆਂ ਗੁੱਤਾਂ ਬਣਾ ਕੇ ਸਜਾਵਟ ਕੀਤੀ ਜਾਂਦੀ ਹੈ। ਪੰਜਾਬ ਵਿੱਚ ਇਸ ਸਾਜ਼ ਦੀ ਵਰਤੋਂ ਗਿੱਧੇ, ਭੰਗੜੇ ਦੀਆਂ ਬੋਲੀਆਂ ਨਾਲ ਕੀਤੀ ਜਾਂਦੀ ਹੈ।

7 **ਬੰਸੁਰੀ** : ਬੰਸੁਰੀ ਬਹੁਤ ਹੀ ਪ੍ਰਾਚੀਨ ਸਾਜ਼ ਹੈ। ਪੰਜਾਬ ਦੇ ਮੰਦਰਾਂ 'ਚ ਲੋਕ ਨਾਚਾਂ, ਲੋਕ ਗਾਥਾਵਾਂ ਵਿੱਚ ਪ੍ਰਯੋਗ ਕੀਤੀ ਜਾਂਦੀ ਹੈ। ਹੀਰ ਰਾਂਝਾ ਵਿੱਚ ਬੰਸੁਰੀ ਨੂੰ ਰਾਂਝੇ ਦੀ ਵੰਝਲੀ ਕਿਹਾ ਗਿਆ ਹੈ ਕਿਉਂਕੀ ਰਾਂਝਾ ਆਪ ਬੰਸੁਰੀ ਵਜਾਉਂਦਾ ਸੀ। ਬੰਸੁਰੀ ਬਾਂਸ ਜਾਂ ਹੋਰ ਧਾਤਾਂ ਦੀ ਬਣਾਈ ਜਾਂਦੀ ਹੈ, ਪਰ ਬਾਂਸ ਦੀ ਬੰਸੁਰੀ ਨੂੰ ਚੰਗਾ ਮੰਨਿਆ ਜਾਂਦਾ ਹੈ ਪਰ ਇਹ ਗਰਮੀ ਦੇ ਮੌਸਮ ਵਿੱਚ ਤਿੜਕ ਕੇ ਫਟ ਜਾਂਦੀ ਹੈ। ਪੰਜਾਬ ਵਿੱਚ ਬਾਂਸ ਦੀ ਬੰਸੁਰੀ ਹੀ ਪ੍ਰਚਲਿਤ ਹੈ। ਇਸ ਦੇ ਦੋਵੇਂ ਪਾਸੇ ਬਾਂਸ ਦੀ ਗੰਢ ਨਾਲ ਬੰਦ ਹੁੰਦੇ ਹਨ। ਬੰਸੁਰੀ ਦੇ ਖੱਬੇ ਪਾਸੇ ਇੱਕ ਦੋ ਇੰਚ ਜਗ੍ਹਾ ਛੱਡ ਕੇ ਸੁਰਾਖ ਕੀਤੇ ਜਾਂਦੇ ਹਨ। ਇਸ ਰਾਹੀ ਵਾਦਕ ਬੰਸਰੀ ਵਿੱਚ ਹਵਾ ਭਰ ਕੇ ਵਾਦਕ ਬੰਸੁਰੀ ਨੂੰ ਦੋਹੇਂ ਹੱਥਾਂ ਨਾਲ ਵਜਾਉਂਦਾ ਹੈ। ਬੰਸੁਰੀ ਨੂੰ ਫੜਨ ਵਾਸਤੇ ਸੱਜੇ ਹੱਥ ਦੀਆਂ ਉਂਗਲਾਂ ਨੂੰ

ਹੇਠਲੇ ਤਿੰਨ ਸੁਰਾਖਾਂ ਉੱਤੇ ਟਿਕਾਇਆ ਜਾਂਦਾ ਹੈ ਅਤੇ ਖੱਬੇ ਪਾਸੇ ਦੀਆਂ ਤਿੰਨਾਂ ਉਂਗਲਾਂ ਨੂੰ ਉਪਰਲੇ ਤਿੰਨ ਸੁਰਾਖਾਂ ਉੱਤੇ ਰੱਖੀਆਂ ਜਾਂਦੀਆਂ ਹਨ। ਜਦੋਂ ਸਾਰੇ ਸੁਰਾਖ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ ਤਾਂ ਹਲਕੀ ਜਹੀ ਫੂਕ ਲਗਾਈ ਜਾਂਦੀ ਹੈ ਤੇ ਹੇਠਾਂ ਤੋਂ ਇੱਕ-ਇੱਕ ਸੁਰਾਖ ਖੁਲਦੇ ਜਾਂਦੇ ਹਨ ਤੇ ਸੁਰ ਪੈਦਾ ਕੀਤੇ ਜਾਂਦੇ ਹਨ। ਬੰਸੁਰੀ ਉੱਤੇ ਪੁਰਾਣੇ ਗੀਤਾਂ ਦੀਆਂ ਧੁਨਾਂ, ਲੋਕਗੀਤ, ਲੋਕਗਾਥਾਵਾਂ, ਹੀਰ ਰਾਂਝਾਂ, ਸੱਸੀ-ਪੁਨੂੰ, ਮਿਰਜ਼ਾ ਸਾਹਿਬਾਂ ਦੇ ਕਿੱਸੇ ਵੀ ਗਾਏ ਜਾਂਦੇ ਹਨ।

8. **ਤੁੰਬੀ** : ਤੁੰਬੀ ਪੰਜਾਬ ਦਾ ਬਹੁਤ ਪ੍ਰਾਚੀਨ ਸਾਜ਼ ਹੈ। ਇਹ ਸਾਜ਼ ਲਕ ਜਾਂ ਕੱਦੂ ਨੂੰ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਉੱਤੇ ਇੱਕ ਛੁੱਟ ਤੋਂ ਢੇਢ ਫੁੱਟ ਤੱਕ ਦਾ ਲੰਬਾ ਲਕੜੀ ਦਾ ਡਾਂਡ ਲਗਾਇਆ ਜਾਂਦਾ ਹੈ। ਖੋਲ ਦੀ ਚੌੜਾਈ ਦਸ ਸੈਂਟੀ ਮੀਟਰ ਤੱਕ ਦੀ ਹੁੰਦੀ ਹੈ। ਖੋਲ ਦੇ ਮੂੰਹ ਤੇ ਚਮੜੇ ਦੀ ਪਤਲੀ ਖੱਲ ਚੜ੍ਹਾਈ ਹੁੰਦੀ ਹੈ ਡਾਂਡ ਦੇ ਉਪਰਲੇ ਪਾਸੇ ਖੱਬੇ ਹੱਥ ਦੀ ਲਕੜੀ ਤੇ ਇੱਕ ਖੁੰਟੀ ਲਗਾਈ ਜਾਂਦੀ ਹੈ। ਇਸ ਖੁੰਟੀ ਵਿੱਚੋਂ ਤਾਰ ਨੂੰ ਪਰੋ ਕੇ ਲਕੜੀ ਦੀ ਖੋਲ ਵਿੱਚੋਂ ਨਿਕਲੇ ਵਾਧੂ ਡੰਡੇ ਨਾਲ ਬੰਨੀ ਜਾਂਦੀ ਹੈ। ਚਮੜੇ ਦੀ ਖੱਲ ਉੱਤੇ ਬਾਂਸ ਜਾਂ ਲਕੜੀ ਦਾ ਇੱਕ ਟੁਕੜਾ ਰੱਖਿਆ ਜਾਂਦਾ ਹੈ ਜਿਸ ਨੂੰ ਘੋੜੀ ਕਹਿੰਦੇ ਹਨ। ਖੁੰਟੀ ਨੂੰ ਘੁਮਾਉਣ ਨਾਲ ਆਵਾਜ਼ ਵਿੱਚ ਉਤਾਰ ਚੜਾਵ ਆਉਂਦਾ ਹੈ। ਇਸ ਸਾਜ਼ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ ਵਿੱਚ ਮਿਜ਼ਰਾਬ ਪਾ ਕੇ ਵਜਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਜੋ ਸਥਾਨ ਇਸ ਸਾਜ਼ ਨੂੰ ਹੈ ਸ਼ਾਇਦ ਹੀ ਕਿਸੇ ਹੋਰ ਸਾਜ਼ ਨੂੰ ਪ੍ਰਾਪਤ ਹੋਵੇ।

9. **ਚਿਮਟਾ** : ਚਿਮਟਾ ਇੱਕ ਪ੍ਰਸਿੱਧ ਲੋਕ ਸਾਜ਼ ਹੈ। ਇਸ ਸਾਜ਼ ਨੂੰ ਭਜਨ, ਭੰਗੜੇ ਕੀਰਤਨ, ਨਗਰ ਕੀਰਤਨ, ਪ੍ਰਭਾਤ ਫੇਰੀ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਚਿਮਟੇ ਦੀ ਲੰਬਾਈ 4 ਫੁੱਟ ਤੱਕ ਦੀ ਹੁੰਦੀ ਹੈ ਅਤੇ ਇਹ ਲੋਹੇ ਦਾ ਹੁੰਦਾ ਹੈ ਇਸਦੇ ਉਪਰਲੇ ਪਾਸੇ ਲੋਹੇ ਦਾ ਇੱਕ ਗੋਲ ਕੜਾ ਪਾਇਆ ਜਾਂਦਾ ਹੈ। ਇਸ ਕੜੇ ਨੂੰ ਖੱਬੇ ਹੱਥ ਨਾਲ ਚਿਮਟੇ ਤੇ ਮਾਰਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਦੋਨਾਂ ਪਤਰਿਆਂ ਨੂੰ ਆਪਸ ਵਿੱਚ ਰਗੜਿਆ ਜਾਂਦਾ ਹੈ। ਚਿਮਟੇ ਦੇ ਦੋਨੋਂ ਪਤਰਿਆਂ ਵਿੱਚ ਸੱਤ ਤੋਂ ਅੱਠ ਜਗ੍ਹਾ ਤੇ ਲੋਹੇ ਜਾਂ ਪਿੱਤਲ ਦੇ ਛੱਲੇ ਲਗਾਏ ਜਾਂਦੇ ਹਨ ਜੋ ਦੋਨਾਂ ਪਤਰਿਆਂ ਨੂੰ ਆਪਸ ਟਕਰਾਇਆ ਜਾਂਦਾ ਹੈ ਤੇ ਬਹੁਤ ਧੁਨੀ ਨਿਕਲਦੀ ਹੈ। ਵੱਡੇ ਚਿਮਟੇ ਦੇ ਆਕਾਰ ਦੇ ਛੈਣੇ ਦਿਹਾਤੀ ਵਾਜੇ ਨਾਲ ਅਤੇ ਛੋਟੇ ਆਕਾਰ ਦੇ ਛੈਣੇ ਵਾਲੇ ਚਿਮਟਿਆਂ ਦੀ ਵਰਤੋਂ ਭੰਗੜੇ, ਕੀਰਤਨ ਤੇ ਭਜਨ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ ਵਿੱਚ ਇਸ ਨੂੰ ਇੱਕ ਹੱਥ ਨਾਲ ਵਜਾਉਂਦੇ ਹਨ ਤੇ ਆਪ ਵੀ ਜੋਰ ਵਿੱਚ ਆਉਂਦੇ ਹਨ।

10. **ਖੜਤਾਲ** : ਖੜਤਾਲ ਨੂੰ ਖਰਤਾਲ ਦੇ ਨਾਲ ਵੀ ਜਾਣਿਆਂ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿੱਚ ਸਾਧੂ ਸੰਤ ਇਸ ਸਾਜ਼ ਦੀ ਵਰਤੋਂ ਕਰਦੇ ਸਨ ਅਤੇ ਨਾਲ ਭਜਨ ਉਚਾਰਨ ਕਰਦੇ ਸਨ। ਨਾਰਦਮੁਨੀ ਦੇ ਹੱਥ ਵਿੱਚ ਖੜਤਾਲ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿੱਚ ਇਸ ਸਾਜ਼ ਦੀ ਵਰਤੋਂ ਮੰਦਰਾਂ, ਗੁਰਦੁਆਰਿਆਂ ਵਿੱਚ ਭਜਨ ਤੇ ਕੀਰਤਨ ਨਾਲ ਕੀਤੀ ਜਾਂਦੀ ਹੈ। ਇਹ ਲਕੜੀ ਦੇ ਟੁਕੜੇ ਤੋਂ ਬਣਾਈ ਜਾਂਦੀ ਹੈ। ਇਨ੍ਹਾਂ ਵਿੱਚ ਪਿੱਤਲ ਜਾਂ ਲੋਹੇ ਦੇ ਗੋਲ ਆਕਾਰ ਦੇ ਛੱਲੇ ਲਗਾਏ ਜਾਂਦੇ ਹਨ। ਇਹ ਸਾਜ਼ ਇੱਕ ਹੀ ਹੱਥ ਵਿੱਚ ਫੜ ਕੇ ਵਜਾਇਆ ਜਾਂਦਾ ਹੈ। ਇਸ ਸਾਜ਼ ਵਿੱਚ ਪਾਉਣ ਦੀ ਥਾਂ ਹੁੰਦੀ ਹੈ ਤੇ ਦੂਜੇ ਪਾਸੇ ਚਾਰ ਉਂਗਲੀਆਂ ਪਾਉਣ ਦੀ ਥਾਂ ਹੁੰਦੀ ਹੈ। ਇਨ੍ਹਾਂ ਦੋਹਾਂ ਟੁਕੜਿਆਂ ਨੂੰ ਆਪਸ ਵਿੱਚ ਖੜਕਾਣ ਤੇ ਆਵਾਜ਼ ਨਿਕਲਦੀ ਹੈ। ਕਿਹਾ ਜਾਂਦਾ ਹੈ ਕਿ ਮੀਰਾਂ ਬਾਈ ਨੇ ਖੜਤਾਲ ਨਾਲ ਭਜਨ ਕੀਰਤਨ ਕਰਦਿਆਂ ਮੁਕਤੀ ਪ੍ਰਾਪਤ ਕੀਤੀ।

11. **ਸੱਪ** : ਪੰਜਾਬ ਦੇ ਲੋਕ ਨਾਚ ਭੰਗੜੇ ਦਾ ਇਹ ਇੱਕ ਮੁੱਖ ਸਾਜ਼ ਹੈ। ਇਸ ਨੂੰ ਸੱਪ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਦੀ ਬਨਾਵਟ ਸੱਪ ਵਰਗੀ ਹੁੰਦੀ ਹੈ। ਇਹ ਸਾਜ਼ ਸਿਰਫ ਪੰਜਾਬ ਵਿੱਚ ਹੀ ਵਰਤਿਆ ਜਾਂਦਾ ਹੈ। ਸੱਪ ਵੀ ਉਤਪਤੀ ਲੋਕਾਂ ਦੇ ਸੁਭ੍ਹਾ ਤੇ ਲੋੜ ਅਨੁਸਾਰ ਹੀ ਹੋਈ ਹੈ। ਇਸ ਸਾਜ਼ ਦੀ ਆਵਾਜ਼ ਇਸ ਤਰ੍ਹਾਂ ਦੀ ਹੈ ਕਿ ਜਿਵੇਂ ਕੁੱਝ ਵਿਅਕਤੀਆਂ ਨੇ ਇੱਕਠੇ ਤਾੜੀ ਮਾਰੀ ਹੋਵੇ। ਇਹ ਇੱਕ ਘਣ ਤੇ ਤਾਲ ਪ੍ਰਧਾਨ ਸਾਜ਼ ਹੈ। ਇਸ ਸਾਜ਼ ਦੀ ਬਣਤਰ ਬੱਚਿਆਂ ਵੱਲੋਂ ਖੇਡੀ ਜਾਣ ਵਾਲੀ ਸੱਪ ਖੇਡ ਨਾਲ ਮਿਲਦੀ ਜੁਲਦੀ ਹੈ। ਇਸ ਸਾਜ਼ ਵਿੱਚ ਲਕੜੀ ਦੀਆਂ ਖੜੀਆਂ ਤੇ ਚਪਟੀਆਂ ਫਟੀਆਂ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਫਟੀਆਂ ਦੀ ਲੰਬਾਈ ਤਕਰੀਬਨ ਡੇਢ ਫੁੱਟ ਤੇ ਚੌੜਾਈ ਇੱਕ ਇੰਚ ਹੁੰਦੀ ਹੈ। ਫਟੀਆਂ ਦੀ ਮੋਟਾਈ ਪੌਣੀ ਇੰਚ ਹੁੰਦੀ ਹੈ। ਸੱਪ 28 ਸੈਂਟੀ ਮੀਟਰ ਦੀ ਲੰਬਾਈ ਵਿੱਚ ਹੁੰਦਾ ਹੈ ਜਿੱਥੇ ਦੋ ਫਟੀਆਂ ਦਾ ਸਪਰਸ਼ ਹੁੰਦਾ ਹੈ ਉੱਥੇ ਛੇਕ ਕੱਢੇ ਜਾਂਦੇ ਹਨ। ਇਨ੍ਹਾਂ ਛੇਕਾਂ ਮੋਟੇ ਕਿੱਲ ਜਾਂ ਸਰੀਆ ਪਾ ਕੇ ਉਪਰੋਂ ਰੰਗ ਕਰ ਦਿੱਤਾ ਜਾਂਦਾ ਹੈ। ਸੱਪ ਦੀਆਂ ਫੱਟੀਆਂ ਦੀ ਗਿਣਤੀ 8 ਤੋਂ 24 ਤੱਕ ਹੋ ਸਕਦੀ ਹੈ। ਇਹ ਫੱਟੀਆਂ ਟਾਹਲੀ ਦੀ ਲਕੜੀ ਦੀਆਂ ਹੁੰਦੀਆਂ ਹਨ। ਉੱਪਰ ਸੱਪ ਦੀਆਂ ਅੱਖਾਂ ਨੂੰ ਜੀਬ ਦਿਖਾਈ ਦਿੰਦੀ ਹੈ। ਉਸ ਨੂੰ ਹੋਰ ਸੋਹਣਾ ਬਣਾਉਣ ਲਈ ਸੱਪ ਦੇ ਗਲ ਵਿੱਚ ਰੰਗਦਾਰ ਧਾਗੇ ਪਰੋਏ ਜਾਂਦੇ ਹਨ। ਭੰਗੜੇ ਵਿੱਚ ਜਦੋਂ ਗੱਭਰੂ ਇਸਦਾ ਪ੍ਰਯੋਗ ਕਰਦੇ ਹਨ ਤਾਂ ਉਹ ਕੈਂਚੀ ਵਾਂਗ ਖੁਲਦਾ ਅੱਗੇ ਦੀ ਕ੍ਰਿਆ ਤਾਲ ਦੀ ਬੀਟ ਨਾਲ ਕਰਦਾ ਹੈ।

12. **ਕਾਟੋ** : ਪੰਜਾਬ ਦੇ ਲੋਕ ਨਾਚ ਵਿੱਚ ਸਾਜ਼ ਦਾ ਇੱਕ ਵੱਖਰਾ ਹੀ ਸਥਾਨ ਹੈ।

ਇਸ ਦਾ ਰੂਪ ਸਿਰਫ ਪੰਜਾਬ ਪ੍ਰਾਂਤ ਵਿੱਚ ਹੀ ਦੇਖਣ ਨੂੰ ਮਿਲਦਾ ਹੈ। ਕਾਟੋ ਤਾਲ ਪ੍ਰਧਾਨ ਸਾਜ਼ ਹੈ ਜਿਵੇਂ ਪੰਜਾਬੀ ਸੰਗੀਤ ਵਿੱਚ ਢੱਡ ਸਾਰੰਗੀ ਦੀ ਜੋੜੀ ਹੈ ਉਸੇ ਤਰ੍ਹਾਂ ਪੰਜਾਬ ਦੇ ਨਾਚ ਭੰਗੜੇ ਵਿੱਚ ਸੱਪ-ਕਾਟੋ ਦੀ ਜੋੜੀ ਮਸ਼ਹੂਰ ਹੈ, ਭੰਗੜੇ ਵਿੱਚ ਜਦ ਤਕ ਇਨ੍ਹਾਂ ਦੋਹਾਂ ਸਾਜ਼ਾਂ ਦਾ ਪ੍ਰਯੋਗ ਨਾ ਕੀਤਾ ਜਾਵੇ ਉਦੋਂ ਤੱਕ ਭੰਗੜਾ ਪੂਰਣ ਨਹੀਂ ਮੰਨਿਆ ਜਾਂਦਾ। ਕਾਟੋ ਦੀ ਸ਼ਕਲ ਲਕੜੀ ਦਾ ਟੁਕੜਾ ਲੈ ਕੇ ਘੜੀ ਜਾਂਦੀ ਹੈ ਤੇ ਉਸ ਦੀਆਂ ਪੈਰਾਂ ਤੇ ਅੱਖਾਂ ਤੇ ਕੋਕੇ ਜੜੇ ਜਾਂਦੇ ਹਨ ਤੇ ਜਿੱਥੇ ਕਾਟੋ ਦਾ ਮੂੰਹ ਖੁੱਲਦਾ ਹੈ ਉਸ ਨੂੰ ਕਈ ਰੰਗਾਂ ਨਾਲ ਸਜਾਇਆ ਜਾਂਦਾ ਹੈ। ਕਾਟੋ ਨੂੰ ਹੋਰ ਖੂਬਸੂਰਤ ਬਨਾਉਣ ਲਈ ਗਲੇ ਵਿੱਚ ਰੰਗਦਾਰ ਰਿਬਨ ਤੇ ਪੂੰਛ ਤੇ ਨਿੱਕੇ-ਨਿੱਕੇ ਘੂੰਘਰੂ ਬੰਨੇ ਜਾਂਦੇ ਹਨ। ਕਾਟੋ ਨੂੰ ਇੱਕ ਰੰਗਦਾਰ ਡੰਡੇ ਤੇ ਬੰਨਿਆ ਜਾਂਦਾ ਹੈ। ਜਿਸ ਡੰਡੇ ਦੀ ਲੰਬਾਈ 90 ਸੈਂਟੀ ਮੀਟਰ ਤੋਂ 100 ਸੈਂਟੀ ਮੀਟਰ ਹੁੰਦੀ ਹੈ। ਕਾਟੋ ਨੂੰ ਇੱਕ ਡੰਡੇ ਤੇ ਬੰਨ ਕੇ ਲਾਲ ਧਾਗਾ ਪਰੋਇਆ ਜਾਂਦਾ ਹੈ। ਜਦੋਂ ਇਸ ਧਾਗੇ ਨੂੰ ਖਿਚਿਆ ਜਾਂਦਾ ਹੈ ਤਾਂ ਕਾਟੋ ਆਪ ਮੁਹਾਰੇ ਨੱਚ ਉੱਠਦੀ ਹੈ। ਇਸ ਤਰ੍ਹਾਂ ਘੂੰਘਰੂਆਂ ਦੀ ਤਾਲ ਉੱਤੇ ਕਾਟੋ ਕਦੇ ਉੱਪਰ ਤੇ ਕਦੇ ਹੇਠਾਂ ਨਚਦੀ-ਟਪਦੀ ਫਿਰਦੀ ਹੈ ਤੇ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ।

13. **ਡਫਲੀ** : ਖੜਤਾਲ, ਖੰਜਰੀ ਦੀ ਸ਼੍ਰੇਣੀ ਵਿੱਚ ਡਫਲੀ ਦਾ ਆਪਣਾ ਹੀ ਸਥਾਨ ਹੈ। ਲੋਕ ਗੀਤਾਂ, ਖਾਸ ਕਰਕੇ ਗੁਰਦਾਸ ਮਾਨ ਦੀ ਡਫਲੀ ਤਾਂ ਪੰਜਾਬ ਵਿੱਚ ਬਹੁਤ ਪ੍ਰਸਿੱਧ ਹੈ। ਗੋਲ ਆਕਾਰ ਵਿੱਚ ਲੋਹੇ ਦੀ ਪੱਤੀ ਲਾਈ ਜਾਂਦੀ ਹੈ ਜਿਸ ਵਿੱਚ ਛੇ ਤੋਂ ਅੱਠ ਜਗਾ ਤੇ ਛੇਕ ਕਰਕੇ ਛੱਲੇ ਪਰੋਏ ਜਾਂਦੇ ਹਨ ਤੇ ਇਸ ਗੋਲਾਕਾਰ ਤੇ ਚਮੜਾ ਮੜਿਆ ਜਾਂਦਾ ਹੈ ਤੇ ਇਸ ਸਾਜ਼ ਨੂੰ ਤਾਲ ਦੇਣ ਲਈ ਵਰਤਿਆ ਜਾਂਦਾ ਹੈ। ਇਹ ਛੋਟੇ ਤੇ ਵੱਡੇ ਦੋਹਾਂ ਆਕਾਰਾਂ ਵਿੱਚ ਮਿਲਦੇ ਹਨ। ਇਸ ਸਾਜ਼ ਨੂੰ ਖੱਬੇ ਹੱਥ ਨਾਲ ਫੜ ਕੇ ਤੇ ਸੱਜੇ ਹੱਥ ਦੀਆਂ ਉਂਗਲਿਆਂ ਤੇ ਹਥੇਲਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਦੋਂ ਹੱਥ ਨਾਲ ਛੈਣਿਆਂ ਦੀ ਆਵਾਜ਼ ਨਿਕਲਦੀ ਹੈ ਤਾਂ ਉਹ ਬਹੁਤ ਮਨਮੋਹਕ ਲਗਦੀ ਹੈ।

14. **ਘੜਾ** : ਇਸ ਸਾਜ਼ ਦੀ ਵਰਤੋਂ ਵੀ ਪੰਜਾਬ ਦੇ ਲੋਕ ਗੀਤਾਂ ਨਾਲ, ਜਗਰਾਤਿਆਂ ਤੇ ਭਜਨ ਉਚਾਰਨ ਵੇਲੇ ਕੀਤੀ ਜਾਂਦੀ ਹੈ। ਪੰਜਾਬ ਵਿੱਚ ਮਹਿਵਾਲ ਦਾ ਘੜਾ ਬਹੁਤ ਮਸ਼ਹੂਰ ਹੈ। ਘੜੇ ਦਾ ਆਕਾਰ ਹੇਠਾਂ ਤੋਂ ਗੋਲ ਤੇ ਉਪਰੋਂ ਛੋਟਾ ਮੂੰਹ ਹੁੰਦਾ ਹੈ। ਘੜਾ ਮਿੱਟੀ, ਕਾਂਸੇ ਜਾਂ ਪਿੱਤਲ ਦਾ ਵੀ ਹੋ ਸਕਦਾ ਹੈ। ਇਸ ਨੂੰ ਸਜਾਣ ਲਈ ਰੰਗ ਕਰਕੇ ਉੱਪਰ ਬੇਲ ਬੂਟੇ ਵੀ ਪਾਏ ਜਾਂਦੇ ਹਨ। ਇਸ ਸਾਜ਼ ਨੂੰ ਵਾਦਕ ਆਪਣੀ ਗੋਦੀ ਵਿੱਚ ਰੱਖ ਕੇ ਜਾਂ ਛੋਟੇ ਜਹੇ ਵਿੰਨੂ (ਜੋ ਗੋਲ ਆਕਾਰ ਵਿੱਚ ਕੱਪੜੇ

ਦੀਆਂ ਲੀਰਾਂ ਦਾ ਬਣਿਆ ਹੋਇਆ ਛੱਲਾ ਹੁੰਦਾ ਹੈ) ਉੱਪਰ ਆਪਣੇ ਅੱਗੇ ਰੱਖ ਕੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਅੰਗੂਠੇ ਵਿੱਚ ਉੱਪਰ ਵਾਲੇ ਪਾਸੇ ਲੋਹੇ ਜਾਂ ਪਿੱਤਲ ਦੇ ਛੱਲੇ ਪਾ ਕੇ ਤਾਲ ਦੇ ਕੇ ਵਜਾਇਆ ਜਾਂਦਾ ਹੈ ਤੇ ਖੱਬਾ ਹੱਥ ਨਾਲ-ਨਾਲ ਕਦੇ ਘੜੇ ਦੇ ਖੱਬੇ ਹੱਥ ਛਲਿਆਂ ਦੀ ਸਹਾਇਤਾ ਨਾਲ ਤੇ ਵਿੱਚ-ਵਿੱਚ ਘੜੇ ਦੇ ਮੂੰਹ ਤੇ ਖੱਬਾ ਹੱਥ ਮਾਰ ਕੇ ਵਜਾਇਆ ਜਾਂਦਾ ਹੈ।

ਪਾਠ-10

# ਜੀਵਨੀ- " ਨਿਖਿਲ ਬੈਨਰਜੀ "

**ਜਨਮ ਅਤੇ ਸਿੱਖਿਆ** : ਮਹਾਨ ਸਿਤਾਰ ਵਾਦਕ ਨਿਖਿਲ ਬੈਨਰਜੀ ਦਾ ਜਨਮ 14 ਅਕਤੂਬਰ,1931 ਨੂੰ ਕਲਕੱਤਾ ਦੇ ਵਿੱਚ ਸੰਗੀਤ ਪ੍ਰੇਮੀ ਪਰਿਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਸ਼੍ਰੀ ਜਤਿੰਦਰ ਨਾਥ ਬੈਨਰਜੀ ਆਪਣੇ ਸਮੇਂ ਦੇ ਮੰਨੇ ਸੰਗੀਤਕਾਰ ਸਨ। ਸੋ ਆਪ ਨੇ ਸ਼ੁਰੂ ਦੀ ਸੰਗੀਤ ਸਿੱਖਿਆ ਆਪਣੇ ਪਿਤਾ ਤੋਂ ਲਈ। ਇਸ ਤੋਂ ਬਾਅਦ ਆਪ ਨੇ ਵਰਿੰਦਰ ਕਿਸ਼ੋਰ ਗਏ ਚੌਧਰੀ ਕੋਈ ਸੰਗੀਤ ਦੀ ਵਿਧੀਪੂਰਵ ਸਿਖਿਆ ਪ੍ਰਾਪਤ ਕੀਤੀ। ਇਸ ਤਰ੍ਹਾਂ ਉਹ ਜਲਦੀ ਹੀ ਸਿਤਾਰ ਵਜਾਉਣ ਵਿੱਚ ਨਿਪੁੰਲ ਹੋ ਗਏ। ਆਪ ਨੂੰ ਪਹਿਲੀ ਬਾਰ "ਆਲ ਬੰਗਾਲ ਸਿਤਾਰ ਰਿਸਾਈਟਲ " ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਆਪ ਨੇ ਰਾਚਿਕਾ ਮੋਹਨ ਮੋਤਰ ਪਾਸੋਂ ਸਰੋਦ ਵਾਦਨ ਅਤੇ ਮੁਸ਼ਤਾਕ ਅਲੀ ਖਾਂ ਤੋਂ ਸਿਤਾਰ ਦੀ ਸਿੱਖਿਆ ਲਈ। ਆਪ ਅਲਾਉਦੀਨ ਖਾਂ ਦੀ ਸੰਗੀਤ ਕਲਾ ਬਹੁਤ ਹੀ ਪ੍ਰਭਾਵਿਤ ਹੋਏ ਅਤੇ ਉਹਨਾਂ ਸਾਹਮਣੇ ਸੰਗੀਤ ਕਲਾ ਸਿੱਖਣ ਦੀ ਇੱਛਾ ਪ੍ਰਗਟ ਕੀਤੀ। ਪਰ ਬਾਬਾ ਨੇ ਸੰਗੀਤ ਸਿੱਖਿਆ ਦੇਣ ਤੋਂ ਸਾਫ ਨਾਂਹ ਕਰ ਦਿੱਤੀ। ਉਹਨਾਂ ਦੀ ਨਾਂਹ ਤੇ ਇਹ ਬਹੁਤ ਰੋਏ ਪਰ ਫਿਰ ਵੀ ਪੂਰੇ ਵਿਸ਼ਵਾਸ ਨਾਲ ਸਿਤਾਰ ਦਾ ਵਾਦਨ ਕੀਤਾ ਪਰ ਬਾਬਾ ਉੱਠ ਕੇ ਚਲੇ ਗਏ। ਪਰ ਪਰਮਾਤਮਾ ਦੀ ਕਿਰਪਾ ਨਾਲ ਬਾਬਾ ਨੇ ਇਹਨਾਂ ਨੂੰ ਆਪਣਾ ਸ਼ਿਸ਼ ਬਣਾ ਲਿਆ। ਇੱਥੇ ਰਹਿ ਕੇ ਇਹਨਾਂ ਨੇ ਬਹੁਤ ਤਪੱਸਿਆ ਕੀਤੀ। 7 ਸਾਲ ਤੱਕ ਬਾਬਾ ਕੋਲ ਰਹਿ ਕੇ ਪਿਆਰ, ਅਨੁਸ਼ਾਸਨ, ਉਦੇਸ਼ ਭਰਿਆ ਸੰਗੀਤ ਦਾ ਗਿਆਨ ਲੈ ਕੇ ਘਰ ਵਾਪਿਸ ਆ ਗਏ।

**ਸਮੇਲਨ** : ਕਲਕੱਤਾ ਵਾਪਿਸ ਆ ਕੇ ਇਹਨਾਂ ਨੇ ਤਾਨਸੈਨ ਸੰਗੀਤ ਸਮੇਲਨ ਵਿੱਚ ਭਾਗ ਲਿਆ। ਜਿੱਥੇ ਇਹਨਾਂ ਨੂੰ ਬਹੁਤ ਇੱਜਤ ਮਿਲੀ। ਹੁਣ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ ਵਿੱਚ ਵੀ ਇਹਨਾਂ ਦੇ ਪ੍ਰੋਗ੍ਰਾਮ ਹੋਣ ਲੱਗੇ। ਇਹਨਾਂ ਦਾ ਵਾਦਨ ਅਲੱਗ ਰੂਪ ਵਿੱਚ ਹੀ ਪਹਿਚਾਣਿਆ ਜਾਂਦਾ ਸੀ। ਇਹਨਾਂ ਨੇ 1931 ਵਿੱਚ ਅਮਰੀਕਾ, ਇੰਗਲੈਂਡ, ਪੱਛਮੀ ਯੂਰਪ ਦੇਸ਼ਾਂ ਵਿੱਚ ਵੀ ਯਾਤਰਾ ਕੀਤੀ। ਇੱਥੇ ਹੀ ਨਹੀਂ ਸਗੋਂ ਰੂਸ, ਪੂਰਵੀ ਯੂਰਪ, ਆਸਟ੍ਰੇਲੀਆ, ਅਫਗਾਨਿਸਤਾਨ, ਨੇਪਾਲ ਵਿੱਚ ਵੀ ਇਹਨਾਂ ਨੇ ਆਪਣੀ ਕਲਾ ਨਾਲ ਸ਼ਰੋਤਾਵਾਂ ਦਾ ਮੰਨ ਮੋਹਿਆ। ਨਿਖਿਲ ਜੀ ਦਾ ਕਹਿਣਾ ਹੈ ਭਾਰਤੀ ਸੰਗੀਤ ਨੂੰ ਫੈਸ਼ਨ ਦੇ ਰੂਪ ਵਿੱਚ ਸਮਝਦੇ ਹਨ ਜੋ ਕਿ ਵਿਦੇਸ਼ੀ ਲੋਕ ਸੰਗੀਤ ਵਿੱਚ ਆਤਮਿਕ ਸ਼ਾਂਤੀ ਤੇ ਸੱਚਾ ਪ੍ਰੇਮ ਰੱਖਦੇ ਹਨ।

**ਨਿਖਿਲ ਜੀ ਦੀ ਵਾਦਨ ਸ਼ੈਲੀ** : ਇਹਨਾਂ ਦੇ ਵਾਦਨ ਵਿੱਚੋ ਪੰ: ਰਵੀਸ਼ੰਕਰ, ਅਲੀ ਅਕਬਰ ਖਾਂ ਦੀਆਂ ਸ਼ੈਲੀਆਂ ਦਾ ਮਿਸ਼ਰਣ ਸੀ। ਉਹਨਾਂ ਦਾ ਮੰਨਣਾ ਸੀ ਤਾਲ ਵਿੱਚ ਸੁਰ ਤੇ ਤਾਲ ਵਿੱਚ ਹੀ ਰਾਗ ਦੀ ਸੁੰਦਰਤਾ ਹੈ। ਉਹਨਾਂ ਦੇ ਰਾਗ ਅਲਾਪ ਵਿੱਚ ਰਾਗ ਦਾ ਸਵਰੂਪ ਖਿੱਲ ਉਠਦਾ ਸੀ। ਪੰ : ਰਵੀਸ਼ੰਕਰ ਜੀ ਨੇ ਵੀ ਉਹਨਾਂ ਦੀ ਵਾਦਨ ਸ਼ੈਲੀ ਬਾਰੇ ਕਿਹਾ " ਮੈਂ ਨਿਖਿਲ ਦੇ ਵਾਦਨ ਵਿੱਚ ਅਨੌਖਾ ਰੂਪ ਦੇਖਿਆ ਹੈ। ਉਹਨਾਂ ਦੇ ਵਾਦਨ ਵਿੱਚ ਗਾਇਕੀ ਢੰਗ ਦਾ ਵਾਦਨ ਸੀ। ਮੀਂਡ ਅੰਗ ਦੀ ਤਾਲ ਵਿੱਚ ਨਿਖਿਲ ਅਤਿਉਤਮ ਸਨ।

**ਰਾਗਾਂ ਦੇ ਰਿਕਾਰਡ** : ਇਹਨਾਂ ਦੇ ਮਲੂਗ ਕੇਦਾਰ, ਹੇਮ ਲਲਿਤ, ਜੋਨਪੁਰੀ, ਲਲਿਤ, ਪੁਰੀਆ, ਕਲਿਆਣ, ਹੇਮੰਤ, ਮਾਲਕੌਂਮ, ਅੜਾਨਾ, ਸਿੰਧੂਰਾ ਭੈਰਵੀ ਰਾਗਾਂ ਦੇ ਵਜਾਏ ਰਿਕਾਰਡ ਹੁਣ ਵੀ ਮਿਲਦੇ ਹਨ। ਇਹਨਾਂ ਦੀ ਰੁਚੀ ਕੀਰਤਨ ਵੀ ਬਹੁਤ ਸੀ। ਇਹਨਾਂ ਦੀਆਂ ਮਨਪਸੰਦ ਤਾਲਾਂ ਰੁਪਕ, ਤਿੰਨਤਾਲ, ਝਪਤਾਲ ਸੀ।

**ਮ੍ਰਿਤੂ** : 14 ਜਨਵਰੀ, 1986 ਨੂੰ ਇਹ ਅਦਭੁੱਤ ਸਿਤਾਰ ਵਾਦਕ ਸਮੇਂ ਤੋਂ ਪਹਿਲਾਂ ਹੀ ਸਾਡੇ ਤੋਂ ਚਲੇ ਗਏ। ਰਵੀ ਸ਼ੰਕਰ ਹੋਣਾ ਦਾ ਕਹਿਣਾ ਸੀ 55 ਸਾਲ ਦੀ ਉਮਰ ਉਹਨਾਂ ਦੀ ਇਸ ਦੁਨੀਆਂ ਤੋਂ ਉਠਣ ਦੀ ਨਹੀਂ ਸੀ। ਇਹ ਉਮਰ ਉਹਨਾਂ ਦੀ ਵਾਦਨ ਵਿੱਚ ਕੁਸ਼ਲਤਾ ਪ੍ਰਾਪਤ ਕਰਲ ਦੀ ਸੀ। ਇਸ ਦਾ ਘਾਟਾ ਸ਼ਾਇਦ ਹੀ ਕੋਈ ਪੁਰਾ ਕਰ ਸਕਦਾ ਹੈ। ਅੱਜ ਨਿਖਿਲ ਦਾ ਨਾਸ਼ਵਾਨ ਸ਼ਰੀਰ ਸਾਡੇ ਵਿੱਚ ਨਹੀਂ ਪਰ ਆਪਣੀ ਸੰਗੀਤ ਕਲਾ ਦੀ ਜਗਦੀ ਲੋਅ ਨਾਲ ਹਮੇਸ਼ਾ ਜਗਤ ਨੂੰ ਪ੍ਰਕਾਸ਼ਿਤ ਕਰਦੇ ਰਹਿਣਗੇ। ਇਹਨਾਂ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਨੇ ਇਹਨਾਂ ਨੂੰ 'ਪਦਮ ਵਿਭੂਸ਼ਣ' ਦੀ ਉਪਾਧੀ ਦਿੱਤੀ।